# ਅਣਕਹੀ ਕਵਿਤਾ



ਵਣਜਾਰਾ





# ਅਣਕਹੀ ਕਵਿਤਾ

ਕਲਾਮ
ਰਾਜ ਸਿੰਘ ਭੰਡਾਲ

ਸੰਪਾਦਕ
ਡਾ. ਸੰਦੀਪ ਕੌਰ

ਡਿਜ਼ਾਇਨ ਅਤੇ ਪਬਲੀਕੇਸ਼ਨ
ਡਾ. ਜਗਜੀਤ ਸਿੰਘ

©
All rights reserved by the Author

**AN-KAHI KAVITA *(Punjabi)***
A Book

**Author**
RAJ SINGH BHANDAL

**Editor**
Dr. SANDEEP KAUR

**Designing & Publication**
Dr. JAGJIT SINGH

Year: 2024

**ISBN: 978-93-86039-37-8**

Published by:
**Aab Publications**
**Office in India**
Opp. Bus Stand, Samana, Patiala (Pb)
Ph. 95010-13296
aabpublication@gmail.com
**Office in USA**
#501 Forest Ave Lyndhurst NJ 07071, USA
Ph. 1-201-068-6078

**Printed at:**
Azad Soch Press, Patiala

# ਸਮਰਪਣ

ਬਾਬਾ ਅਮਰ ਸਿੰਘ

ਅਤੇ

ਬੇਬੇ ਅਮਰਜੀਤ ਕੌਰ ਜੀ

ਨੂੰ

ਜਿਨ੍ਹਾਂ ਦੀ ਦੇਖ-ਰੇਖ ਵਿੱਚ

ਮੈਂ ਪ੍ਵਾਨ ਚੜ੍ਹਿਆ



# ਕਲਮ ਤੇ ਕਲਾਮ

'ਅਣਕਹੀ ਕਵਿਤਾ' ਦਾ ਖਰੜਾ ਮੇਰੇ ਹੱਥ ਵਿੱਚ ਹੈ। ਇਸ ਖਰੜੇ ਵਿੱਚ ਦਰਜ ਸਾਰਾ ਕਲਾਮ 'ਰਾਜ ਸਿੰਘ ਭੰਡਾਲ' ਦੀ ਕਲਮ ਦੇ ਮਾਰਫ਼ਤ ਅਕਾਰ ਧਾਰਿਆ ਹੈ। ਜੇਕਰ ਰਾਜ ਸਿੰਘ ਭੰਡਾਲ ਦੀ ਸ਼ਖਸੀਅਤ ਨੂੰ ਮੈਨੂੰ ਇੱਕ ਪੰਕਤੀ ਵਿੱਚ ਵਿਸ਼ਰਾਮ ਦੇਣ ਲਈ ਕਿਹਾ ਜਾਵੇ ਤਾਂ ਮੈਂ ਪਾਤਸ਼ਾਹ ਹਜ਼ੂਰ ਦੇ ਮਹਾਂਵਾਕ ਦਾ ਸਹਾਰਾ ਲਵਾਂਗਾ ਤੇ ਅੱਖਾਂ ਮੁੰਦ ਉਚੀ ਸੁਰ ਵਿੱਚ "ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰ" ਦਾ ਅਲਾਪ ਕਰਦਾ-ਕਰਦਾ ਨੈਣ ਖੁੱਲੀ ਸਮਾਧੀ ਚੋਂ ਨੈਣ ਮੁੰਦੀ ਸਮਾਧੀ ਵਿੱਚ ਉਤਰ ਜਾਵਾਂਗਾ। ਮੈਨੂੰ ਪਤਾ ਹੈ ਉਸ ਵਕਤ ਮੇਰੇ ਮੁੱਖ ਤੇ ਇੱਕ ਨਿੱਘੀ ਮਿੱਠੀ ਮੁਸਕਾਨ ਖਿੜ ਉਠੇਗੀ ਤੇ ਮੇਰੀ ਸੋਚ ਵਿੱਚ ਇਕ ਸਵਾਲ ਖੜ੍ਹਾ ਹੋ ਜਾਵੇਗਾ ਕਿ ਭਲਾ ਅਰਬਾਂ-ਕਰੋੜਾਂ ਦੀ ਗਿਣਤੀ ਵਿੱਚ ਵਿਚਰਦੇ ਲੋਕਾਂ ਤੇ ਸੈਂਕੜੇ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਵੱਸਦੇ-ਰੱਸਦੇ ਹੋਏ ਵੀ ਰਿਸ਼ਤੇ ਕਿਵੇਂ ਪ੍ਰਬਲ ਵੇਗ ਨਾਲ ਇੱਕ ਦੂਜੇ ਨੂੰ ਤਲਾਸ਼ਦੇ ਹਨ ਤੇ ਫਿਰ ਸਮਾਂ ਆਉਣ ਤੇ ਆਪ ਮੁਹਾਰੇ ਕਿਵੇਂ ਪ੍ਰਗਟ ਹੋ ਜਾਂਦੇ ਹਨ। ਹਾਲਾਂਕਿ ਮੈਂ ਭਲੀਭਾਂਤ ਜਾਣਦਾ ਹਾਂ ਕਿ ਇਹ ਲੀਲਾ ਅਜ਼ਬ-ਗਜ਼ਬ ਦੀ ਵੀ ਹੈ ਤੇ ਰਮਜ਼ਾਂ ਭਰੀ ਵੀ, ਜਿਸਦੀ ਥਾਹ ਨ ਤੇ ਅੱਜ ਤੱਕ ਕੋਈ ਪਾ ਸਕਿਆ ਹੈ ਤੇ ਮੇਰਾ ਦਾਅਵਾ ਹੈ ਕਿ ਨ ਹੀ ਨੇੜ ਭਵਿੱਖ ਵਿੱਚ ਕਿਸੇ ਕੋਲੋਂ ਪਾਈ ਜਾਣੀ ਹੈ। ਇਹ ਪਰੀ ਕਹਾਣੀਆਂ ਵਾਂਗ ਅਦਭੁੱਤ ਵੀ ਹੈ ਤੇ ਅਲਫ਼ ਲੈਲਾ ਦੇ ਕਿੱਸੇ ਵਾਂਗ ਹੈਰਾਨਕੁੰਨ ਵੀ। ਮੇਰਾ ਤੇ ਰਾਜ ਸਿੰਘ ਦਾ ਰਿਸ਼ਤਾ ਰਤੀ ਭਰ ਵੀ ਇਸ ਤੋਂ ਭਿੰਨ ਨਹੀਂ ਹੈ।

ਇਕ ਵਾਰ ਜਦ ਮੈਂ ਇਹ ਸਵਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪ੍ਰੋਫ਼ੈਸਰ, ਅਕਾਦਮੀਸ਼ੀਅਨ ਅਤੇ ਪ੍ਰਬੁੱਧ ਮਹਾਂ ਪੰਡਿਤ ਰਮਾਕਾਂਤ ਅੰਗਰਿਸ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਬਹੁਤ ਹੀ ਸਹਿਜ ਅਵਸਥਾ 'ਚ ਪਹਿਲਾਂ ਮੇਰੇ ਵੱਲ ਤੱਕਿਆ ਫਿਰ ਅੱਖਾਂ ਮੁੰਦ ਬੋਲੇ "ਰਿਸ਼ਤੇ ਨ ਸੰਯੋਗ ਨ ਮਰਜ਼ੀ, ਸਦੀਆਂ ਪੁਰਾਣੇ ਅਤ੍ਰਿਪਤ ਰਿਸ਼ਤਿਆਂ ਦੀ ਅਜਬ ਦਾਸਤਾਨ"। ਬੇਸ਼ੱਕ ਜਨਮ, ਪੁਨਰ-ਜਨਮ ਦਾ ਸਵਾਲ ਟੇਢਾ ਪ੍ਰਸ਼ਨ ਹੈ ਪਰ ਮੈਨੂੰ ਆਪਣੇ ਸਵਾਲ ਦਾ ਉੱਤਰ ਮਿਲ ਗਿਆ ਸੀ। ਹੁਣ ਜਦ ਕਦੇ ਵੀ ਇਹੋ ਜਿਹੇ ਸੰਯੋਗ ਦਾ ਜ਼ਿੰਦਗੀ 'ਚ ਪ੍ਰਗਟਾਅ ਹੁੰਦਾ ਹੈ ਤਾਂ ਰਮਾਕਾਂਤ ਜੀ ਮੇਰੇ ਚੇਤਿਆਂ ਵਿੱਚ ਪੁਨਰ ਸਿਰਜਤ ਹੋ ਉਸੇ ਮੁਦਰਾ 'ਚ ਅੱਖਾਂ ਮੁੰਦ ਪ੍ਰਗਟ ਹੋ ਓਹੀ ਮਹਾਂਵਾਕ ਉਚਾਰਦੇ ਨਜ਼ਰ ਆਉਂਦੇ ਹਨ ਜੋ ਕਈ ਦਹਾਕੇ ਪਹਿਲਾਂ ਉਨਾਂ ਮੈਨੂੰ ਸਮਝਾਇਆ ਸੀ।

ਪਿਛਲੇ ਸਾਲ ਅਮਰੀਕਾ ਵਾਲਿਆਂ ਨਾਲ ਵਾਅਦਾ ਕਰ ਲਿਆ ਕਿ ਇਸ ਵਾਰ

ਹਰ ਹਾਲਤ ਵਿੱਚ ਉਨ੍ਹਾਂ ਦੁਆਰਾ "ਗ਼ਦਰੀ ਬਾਬਿਆਂ" ਤੇ ਆਯੋਜਿਤ ਕੀਤੀ ਜਾਣ ਵਾਲੀ ਕਾਨਫ਼ਰੰਸ 'ਚ ਸ਼ਾਮਲ ਹੋਵਾਂਗਾ ਤੇ ਕੁੰਜੀਵਤ ਭਾਸ਼ਨ ਵੀ ਦੇਵਾਂਗਾ। ਹੁਣ ਇਹ ਕੁਦਰਤੀ ਸੀ ਕਿ ਜਦ ਕਾਨਫ਼ਰੰਸ 'ਚ ਕੁੰਜੀਵਤ ਭਾਸ਼ਨ ਦੀ ਜ਼ਿੰਮੇਵਾਰੀ ਨਿਭਾਉਣੀ ਹੈ ਤੇ ਨੀਝ ਨਾਲ ਯੁੱਧਬੀਰ ਬਾਬਿਆਂ ਦੇ ਉਸ ਸੰਗਰਾਮ ਦੀ ਧਿਆਨ ਨਾਲ ਪੁਨਰ-ਪੜ੍ਹਤ ਕਰਨੀ ਬਹੁਤ ਜ਼ਰੂਰੀ ਸੀ। ਇਸ ਕਾਰਜ 'ਚ ਜੁਟਿਆ ਹੋਇਆ ਸਾਂ ਕਿ ਇਕ ਗ਼ਦਰੀ ਬਾਬੇ 'ਬੀਰ ਸਿੰਘ ਕਨੇਚ' ਹੋਰਾਂ ਬਾਰੇ ਪਤਾ ਲੱਗਾ ਜਿਨ੍ਹਾਂ ਨੂੰ ਅਮਰੀਕਨ ਸਰਕਾਰ ਵੱਲੋਂ ਉਸ ਸਮੇਂ ਦਾ ਸਭ ਤੋਂ ਖਤਰਨਾਕ ਸਿੱਖ ਐਲਾਨਿਆ ਹੋਇਆ ਸੀ। ਇਹ ਵੀ ਪਤਾ ਲੱਗਾ ਕਿ ਇਹ ਸਭ ਤੋਂ ਵੱਧ ਪੜ੍ਹਿਆ ਲਿਖਿਆ ਬਾਬਾ ਸੀ ਜਿਸਨੇ ਡਿਗਰੀ ਵੀ ਇਕ ਅਮਰੀਕਨ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਸੀ। ਗ਼ਦਰ ਪਾਰਟੀ ਲਹਿਰ ਵੱਲੋਂ ਰਬਿੰਦਰ ਨਾਥ ਟੈਗੋਰ ਜੀ ਦੀ ਅੰਗਰੇਜ਼ਾਂ ਪ੍ਰਤੀ ਸਹਾਨਭੂਤੀ ਨੂੰ ਖ਼ਤਮ ਕਰਨ ਤੇ ਸੰਗਰਾਮ ਵੱਲ ਪ੍ਰੇਰਿਤ ਕਰਨ ਦੀ ਡਿਊਟੀ ਵੀ ਇਨ੍ਹਾਂ ਦੀ ਹੀ ਲੱਗੀ ਸੀ।

ਇਹ ਬਾਬਾ ਜੀ ਦੋਰਾਹੇ ਨੇੜੇ ਕਨੇਚ ਪਿੰਡ ਦੇ ਮੂਲ ਨਿਵਾਸੀ ਸਨ ਪਰ ਪਿੰਡ ਵਿੱਚੋਂ ਇਸ ਪਰਿਵਾਰ ਬਾਰੇ ਕੋਈ ਇਹੋ ਜਿਹੀ ਜਾਣਕਾਰੀ ਨਹੀਂ ਸੀ ਮਿਲ ਰਹੀ ਜੋ ਰਾਹ ਪਾ ਸਕੇ। ਬਸ ਇਹ ਈ ਪਤਾ ਲੱਗਾ ਕਿ ਬਹੁਤ ਲੰਬਾ ਸਮਾਂ ਪਹਿਲਾਂ ਸਾਰਾ ਪਰਿਵਾਰ ਪਿੰਡ ਤੋਂ ਲੁਧਿਆਣੇ ਤੇ ਫਿਰ ਲੁਧਿਆਣੇ ਤੋਂ ਵਿਦੇਸ਼ ਤੁਰ ਗਿਆ ਸੀ। ਕਿਹੜੇ ਦੇਸ਼ ਇਹ ਕਿਸੇ ਨੂੰ ਵੀ ਪਤਾ ਨਹੀਂ ਸੀ। ਨਿਰਾਸ਼ਾ ਤੇ ਹੋਈ ਪਰ ਆਸ ਨ ਛੱਡੀ ਕਿਉਂਕਿ ਮੈਂ ਹਰ ਹਾਲਤ ਵਿੱਚ ਇਸ ਗ਼ਦਰੀ ਬਾਬੇ ਦੀ ਗ਼ਦਰ ਪਾਰਟੀ ਲਹਿਰ 'ਚ ਨਿਭਾਈ ਭੂਮਿਕਾ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਸਾਂ ਜੋ ਪਤਾ ਨਹੀਂ ਕਿਵੇਂ ਜਨ-ਮਾਨਸ ਦੇ ਚੇਤਿਆਂ 'ਚੋ ਮਨਫ਼ੀ ਹੋ ਗਈ ਸੀ।

ਮੈਂ ਇਹ ਪੜ੍ਹਿਆ ਵੀ ਹੈ ਤੇ ਸੁਣਿਆ ਵੀ, ਇਥੋਂ ਤੱਕ ਕਿ ਅਜ਼ਮਾਇਆ ਵੀ ਕਿ ਇਹ ਆਦਮ ਦਾ ਮਨ ਹੈ ਨ ਜੋ ਇਹ ਸਦੈਵ ਮੈਗਨੈਟ ਵਾਂਗ ਕ੍ਰਿਆਸ਼ੀਲ ਰਹਿੰਦਾ ਹੈ ਤੇ ਇਸ ਦਾ ਵਾਹਕ ਕਾਇਨਾਤ ਦਾ ਆਕਰਸ਼ਣ ਨਿਯਮ ਹੈ। ਤੁਸੀਂ ਜਿਵੇਂ-ਜਿਵੇਂ ਦਾ ਸੋਚੋਗੇ ਓਵੇਂ-ਓਵੇਂ ਦਾ ਹੋਣਾ ਸ਼ੁਰੂ ਹੋ ਜਾਏਗਾ। ਇਸ ਨੂੰ ਗੁਰਬਾਣੀ ਵਿੱਚੋਂ "ਜੈਸਾ ਸੇਵੈ ਤੈਸੋ ਹੋਇ" ਦੇ ਮਹਾਂਵਾਕ ਨਾਲ ਪੁਸ਼ਟ ਵੀ ਕੀਤਾ ਜਾ ਸਕਦਾ ਹੈ। ਗਦਰੀ ਬੀਰ ਸਿੰਘ ਕਨੇਚ ਹੁਣਾਂ ਦੇ ਮਾਮਲੇ ਵਿੱਚ ਵੀ ਅਜਿਹਾ ਈ ਵਾਪਰਿਆ ਜਿਸ ਨੇ ਉਪਰੋਕਤ ਨਿਯਮ ਵਿੱਚ ਮੇਰਾ ਵਿਸ਼ਵਾਸ ਪੱਕਾ ਵੀ ਕੀਤਾ ਤੇ ਹੋਰ ਦ੍ਰਿੜ ਵੀ।

ਇਕ ਦਿਨ ਸਹਿਜ ਸੁਭਾਅ ਮੈਂ ਮੋਬਾਈਲ ਤੇ ਉਂਗਲਾਂ ਮਾਰ ਸਮਾਂ ਪਾਸ ਕਰ ਰਿਹਾ ਸੀ ਕਿ ਇਕ ਰੇਡੀਓ ਗੱਲਬਾਤ ਤੇ ਮੇਰਾ ਹੱਥ ਜਾ ਵੱਜਿਆ ਕਿਉਂਕਿ ਉਹ ਵਿਸ਼ਾ ਮੇਰੇ

ਅਧਿਐਨ ਦਾ ਹਿੱਸਾ ਵੀ ਸੀ ਤੇ ਜਿਸਤੇ ਮੈਂ ਨਿੱਠ ਕੇ ਕੰਮ ਵੀ ਕੀਤਾ ਸੀ। ਗੱਲਬਾਤ ਦਾ ਵਿਸ਼ਾ ਸੀ "ਕਬੀਲਾ, ਕੌਮੀਅਤਾਂ ਤੇ ਧਰਮਾਂ ਦੀ ਅਹਿਮੀਅਤ ਤੇ ਇਸਦੀ ਹੋਂਦ ਹਸਤੀ ਦੇ ਸਵਾਲ" ਮੈਂ ਇਕ ਦਮ ਸਤੱਰਕ ਹੋ ਗਿਆ ਤੇ ਮੈਂ ਉਸ ਸਾਰੀ ਗੱਲਬਾਤ ਨੂੰ ਬਹੁਤ ਧਿਆਨ ਲਾ ਕੇ ਸੁਣਨਾ ਸ਼ੁਰੂ ਕਰ ਦਿੱਤਾ। ਇਸ ਗੱਲਬਾਤ 'ਚ ਵਕਤਾ ਬਾਰ-ਬਾਰ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ 'ਮੈਨੂੰ ਸਾਊਥ ਏਸ਼ੀਅਨ ਟਰਮ' ਗ਼ਾਲ ਵਰਗੀ ਲੱਗਦੀ ਹੈ। ਅਸੀਂ ਭਾਰਤੀ ਪੰਜਾਬੀ ਹੋ ਸਕਦੇ ਹਾਂ ਭਾਰਤੀ ਹਿੰਦੂ, ਬੋਧੀ ਤੇ ਜੈਨੀ ਹੋ ਸਕਦੇ ਹਾਂ। ਨੇਪਾਲ ਦੇ ਨੇਪਾਲੀ ਹੋ ਸਕਦੇ ਹਾਂ, ਪਾਕਿਸਤਾਨੀ ਪੰਜਾਬੀ ਹੋ ਸਕਦੇ ਹਾਂ, ਚੀਨੀ ਬੋਧੀ ਹੋ ਸਕਦੇ ਹਾਂ, ਸ੍ਰੀ ਲੰਕਾ ਦੇ ਸਿਨਹਾਲੀ ਹੋ ਸਕਦੇ ਹਾਂ ਪਰ ਸਾਡੀ ਪਹਿਚਾਣ ਜਾਂ ਸਾਡੇ ਧਰਮ ਜਾਂ ਸਾਡੇ ਕੌਮੀਅਤ ਪ੍ਰਸੰਗ ਨੂੰ ਜੇਕਰ 'ਸਾਊਥ ਏਸ਼ੀਅਨ' ਟਰਮ 'ਚ ਰੱਲਗੱਡ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਇਸਦਾ ਵਿਰੋਧ ਕਰਾਂਗੇ।

ਉਸ ਸਾਰੀ ਗੱਲਬਾਤ ਤੋਂ ਮੈਨੂੰ ਇਕ ਗੱਲ ਤੇ ਬਿਲਕੁਲ ਸਮਝ 'ਚ ਆ ਗਈ ਕਿ ਇਸ ਨਵੀਂ ਘੜੀ ਜਾ ਰਹੀ ਟਰਮ ਪਿਛੇ 'ਸਭ ਅੱਛਾ' ਨਹੀਂ ਹੈ ਤੇ ਸ਼ਾਇਦ ਇਹ ਭਾਰਤੀ ਸੰਵਿਧਾਨ ਦੀ ਧਾਰਾ ਪੱਚੀ ਬੀ ਵਰਗੀ ਹੀ ਕੋਈ ਪੇਚੀਦਾ ਗੱਲ ਹੋਏਗੀ ਜਿਸਤੇ ਵੱਡੇ ਪ੍ਰਸ਼ਨ ਸੰਵਿਧਾਨ ਦੀ ਸਥਾਪਨਾ ਵਰ੍ਹੇ ਤੋਂ ਲੈ ਕੇ ਅੱਜ ਤੱਕ ਵੀ ਖੜ੍ਹੇ ਹੀ ਹਨ। ਇਕ ਹੋਰ ਗੱਲ ਜਿਸ ਨੇ ਮੈਨੂੰ ਹੈਰਾਨ ਕਰਕੇ ਰੱਖ ਦਿੱਤਾ ਸੀ ਉਹ ਇਹ ਸੀ ਕਿ ਇਸ ਗੱਲਬਾਤ ਦਾ ਮੁੱਖ ਵਕਤਾ ਜੋ ਸੀ ਉਹ ਬਾਬੇ ਬੀਰ ਸਿੰਘ ਗ਼ਦਰੀ ਦੇ ਪਿੰਡ ਕਨੇਚ ਦਾ ਸੀ। ਉਸਦਾ ਨਾਮ ਸੀ 'ਰਾਜ ਸਿੰਘ ਭੰਡਾਲ' ਤੇ ਬਾਬਾ ਬੀਰ ਸਿੰਘ ਜੀ ਵੀ 'ਭੰਡਾਲ' ਸਨ। ਮੈਨੂੰ ਲੱਗਾ ਕਿ ਐਨਾ ਸਪੱਸ਼ਟ ਤੇ ਆਪਣੇ ਵਿਸ਼ੇ ਵਿੱਚ ਮਾਹਰ ਇਹ ਰਾਜ ਸਿੰਘ ਕਿਤੇ ਬਾਬੇ ਬੀਰ ਸਿੰਘ ਗ਼ਦਰੀ ਦੇ ਪਰਿਵਾਰ ਨਾਲ ਹੀ ਸੰਬੰਧਤ ਨ ਹੋਵੇ। ਸਮੱਸਿਆ ਇਹ ਆਈ ਕਿ ਮੈਂ ਉਸ ਸੰਵਾਦ ਵਿੱਚ ਐਨਾ ਖੁਭ ਗਿਆ ਸੀ ਕਿ ਨ ਤੇ ਮੈਂ ਰਿਲੇਅ ਕਰ ਰਹੇ ਟੀ. ਵੀ. ਦਾ ਨਾਮ ਵੇਖਿਆ ਤੇ ਨ ਹੀ ਫੋਨ ਨੰਬਰ। ਪ੍ਰੋਗਰਾਮ ਖ਼ਤਮ ਹੋ ਗਿਆ ਤੇ ਮੈਂ ਫੋਨ ਬੰਦ ਕਰ ਦਿੱਤਾ। ਫੋਨ ਬੰਦ ਕਰਦਿਆਂ ਈ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਕਿ ਮੇਰੇ ਕੋਲੋਂ ਕਿੰਨੀ ਵੱਡੀ ਭੁੱਲ ਹੋ ਚੁੱਕੀ ਹੈ। ਮੈਂ ਫੋਨ ਚਾਲੂ ਕਰ ਬਥੇਰੀਆਂ ਟੱਕਰਾਂ ਮਾਰੀਆਂ ਪਰ ਨਿਹਫ਼ਲ। ਬਹੁਤ ਦੁੱਖ ਲੱਗਾ ਆਪਣੇ ਕੁੱਟੇ ਕਮਲ ਤੇ ਗੁੱਸਾ ਵੀ ਆਇਆ। ਮੈਂ ਸਿਰ ਫੜ ਕੇ ਬੈਠ ਗਿਆ, ਮੈਂ ਬਾਬਾ ਜੀ ਦੇ ਪਰਿਵਾਰ ਦੀ ਹੱਥ ਆਈ ਤੰਦ ਗਵਾ ਦਿੱਤੀ ਹੈ ਇਹ ਮੈਨੂੰ ਮਹਿਸੂਸ ਹੋਣਾ ਸ਼ੁਰੂ ਹੋ ਗਿਆ। ਹਾਲਾਂਕਿ ਜਰੂਰੀ ਨਹੀਂ ਸੀ ਕਿ ਇਹ ਰਾਜ ਸਿੰਘ ਨਾਮ ਦਾ ਆਦਮੀ ਬਾਬਾ ਜੀ ਨਾਲ ਹੀ ਸੰਬੰਧਤ ਹੋਵੇ ਪਰ ਮੇਰਾ ਸ਼ੱਕ ਵਿਸ਼ਵਾਸ ਚ ਬਦਲ ਰਿਹਾ ਸੀ ਕਿਉਂ ਇਸ ਦਾ ਉਤਰ ਮੇਰੇ ਕੋਲ ਨਹੀਂ ਸੀ। ਸ਼ਾਇਦ ਕੁਦਰਤ ਦੇ ਆਕਰਸ਼ਣ ਨਿਯਮ ਨੇ ਕਾਰਜ ਕਰਨਾ

ਸ਼ੁਰੂ ਕਰ ਦਿੱਤਾ ਸੀ ਤੇ ਮੇਰੇ ਮੈਗਨੇਟਿਕ ਪ੍ਰਬੰਧ ਨੂੰ ਆਪਣੇ ਵੱਲ ਖਿੱਚਣਾ। ਹੁਣ ਮੈਂ ਭਾਲ ਕਰਨੀ ਸੀ ਰਾਜ ਸਿੰਘ ਦੀ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਕੀਮਤ ਤੇ।

ਸੱਚ ਜਾਣਿਓ ਮਿੱਤਰ-ਜਨੋਂ ਨ ਤੇ ਮੈਂ ਕੋਈ ਤੁਹਾਨੂੰ ਕਥਾ ਕਹਾਣੀ ਸੁਣਾ ਰਿਹਾ ਤੇ ਨ ਹੀ ਇਸਨੂੰ ਚਮਤਕਾਰੀ ਪੁੱਠ ਦੇ ਕਥਾ ਰਸ ਪੈਦਾ ਕਰ ਰਿਹਾ ਹਾਂ। ਹਾਂ ਕਾਇਨਾਤ ਦਾ ਆਕਰਸ਼ਣ ਨਿਯਮ ਤੇ ਮਨੁੱਖ ਦੇ ਚੁੰਬਕੀ ਮਨ ਦੀਆਂ ਰਮਜ਼ਾਂ ਦੇ ਭੇਦ ਸਾਂਝਾ ਕਰਨਾ ਮੇਰੀ ਮਨਸ਼ਾ ਇਥੇ ਜ਼ਰੂਰ ਹੈ। ਇਸ ਬਿਰਤਾਂਤ ਦੀ ਵਿਆਖਿਆਕਾਰੀ ਕਰ ਅਰਥਾਂ ਦੇ ਭੇਦ ਤੱਕ ਪਹੁੰਚਣ ਦੀ ਖੁੱਲ੍ਹ ਹਰੇਕ ਦਾ ਅਧਿਕਾਰ ਹੁੰਦੀ ਹੈ ਤੇ ਇਸੇ ਕਰਕੇ ਹਰੇਕ ਵਿਆਖਿਆਕਾਰੀ ਦੂਜੇ ਤੋਂ ਭਿੰਨ ਹੁੰਦੀ ਹੈ। ਇਸਨੂੰ ਮਸਤਕ ਦੀ ਖੇਡ ਦਾ ਨਾਮ ਵੀ ਦਿੱਤਾ ਜਾਂਦਾ ਹੈ।

ਖ਼ੈਰ ਮੁੜਦੇ ਹਾਂ ਵਾਪਸ ਬਾਬਾ ਬੀਰ ਸਿੰਘ ਭੰਡਾਲ ਦੀ ਸ਼ੁਰੂ ਕੀਤੀ ਖੋਜ ਦੀ ਗਾਥਾ ਵੱਲ ਫ਼ਿਰ ਦੁਬਾਰਾ। ਇਕ ਦੋ ਦਿਨ ਹੀ ਬੀਤੇ ਸਨ ਕਿ ਅਨ-ਮਿਊਟ ਟੀ. ਵੀ. ਤੋਂ ਪਿਆਰੇ ਮਿੱਤਰ ਕਾਹਲੋਂ ਦਾ ਫੋਨ ਆਇਆ 'ਭਾਅ ਜੀ ਮੇਰਾ ਇਕ ਮਿੱਤਰ ਹੈ ਬੀ. ਸੀ ਦੇ ਸ਼ਹਿਰ ਲੈਂਹਗਲੀ ਤੋਂ ਉਸਦੇ ਕੁਝ ਪ੍ਰਸ਼ਨ ਹਨ ਤੇ ਮੈਂ ਕਹਿ ਦਿੱਤਾ ਹੈ ਕਿ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਤੁਸੀਂ ਦੇ ਸਕਦੇ ਹੋ। ਮੈਂ ਤੁਹਾਡਾ ਨੰਬਰ ਦੇ ਸਕਦਾ ਜੀ ਉਨਾਂ ਨੂੰ? ਮੈਂ ਕਿਹਾ ਭਾਈ ਇਹ ਭਲਾ ਤੈਨੂੰ ਪੁੱਛਣ ਦੀ ਲੋੜ ਹੈ ਪਹਿਲਾਂ ਤੇ ਇਹ ਦੱਸ, ਬਾਕੀ ਗੱਲਾਂ ਬਾਅਦ 'ਚ। ਕਾਹਲੋਂ ਹੱਸਿਆ ਤੇ ਠੀਕ-ਠੀਕ ਕਹਿ ਫੋਨ ਬੰਦ ਕਰ ਦਿੱਤਾ। ਕੁਝ ਸਮੇਂ ਬਾਅਦ ਫੋਨ ਦੀ ਘੰਟੀ ਵੱਜੀ ਤੇ ਕਾਹਲੋਂ ਦੇ ਰੈਂਫਰੈਂਸ ਨਾਲ ਜਿਗਿਆਸੂ ਸੱਜਣ ਨੇ ਆਪਣੀ ਜਾਣ-ਪਛਾਣ ਕਰਵਾ ਆਪਣਾ ਮਕਸਦ ਦੱਸਿਆ। ਮੈਂ ਬੇ-ਝਿਜਕ ਸਵਾਲ ਪੁੱਛਣ ਨੂੰ ਕਿਹਾ! ਓਧਰੋਂ ਆਵਾਜ਼ ਆਈ, ਜੀ ਸਾਡੇ ਇਕ ਸਮੱਸਿਆ ਆ ਗਈ ਹੈ ਜੋ ਕਈ ਕਮਿਊਨਿਟੀਆਂ ਨੂੰ ਆਪਣੀ ਲਪੇਟ 'ਚ ਲੈ ਰਹੀ ਹੈ ਤੇ ਕੌਮੀਅਤਾਂ ਦੇ ਪ੍ਰਸੰਗ 'ਚ ਮੈਂ ਕੁਝ ਸਪੱਸ਼ਟ ਹੋਣਾ ਚਾਹੁੰਦਾ ਹਾਂ। ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋ। ਮੇਰੇ ਕੰਨ ਖੜ੍ਹੇ ਹੋ ਗਏ, ਇਹ ਤੇ ਓਹੀ ਆਵਾਜ਼ ਹੈ ਜਿਸਨੂੰ ਮੈਂ ਟੀ ਵੀ ਤੇ ਸੁਣਿਆ ਸੀ ਤੇ ਜਿਸਦੀ ਭਾਲ 'ਚ ਮੈਂ ਮਾਰਾ-ਮਾਰਾ ਫ਼ਿਰ ਰਿਹਾ ਸੀ। ਮੈਂ ਕਿਹਾ ਭਾਊ ਤੇਰੇ ਸਵਾਲ ਬਾਅਦ 'ਚ ਪਹਿਲਾਂ ਆਪਣਾ ਨਾਮ ਦੱਸ ਤਾਂ ਅੱਗਿਓਂ ਉੱਤਰ ਆਇਆ:

'ਜੀ ਮੇਰਾ ਨਾਮ ਰਾਜ ਸਿੰਘ ਭੰਡਾਲ, ਦੋਰਾਹੇ ਨੇੜੇ ਪਿੰਡ ਕਨੇਚਾਂ ਤੋਂ'! ਅਸੀਂ ਜੀ ਚਾਰ ਕੁ ਦਹਾਕੇ ਪਹਿਲਾਂ ਹਿਜ਼ਰਤ ਕਰ ਬ੍ਰਿਟਿਸ਼ ਕੋਲੰਬੀਆ ਆ ਵੱਸੇ ਸੀ। ਓ ਤੇਰੀ ਭਲੀ ਹੋ ਜੇ ਓਏ! ਮੈਂ ਛਾਲ ਮਾਰ ਉੱਠਿਆ ਤੇ ਬਾਹਾਂ ਅੱਗੇ ਨੂੰ ਇਵੇਂ ਨਿਕਲ ਆਈਆਂ ਜਿਵੇਂ ਮੈਂ ਤੇ ਰਾਜ ਸਿੰਘ ਸਾਹਮਣੇ ਖੜ੍ਹੇ ਹੋਈਏ ਤੇ ਮੈਂ ਘੁੱਟਕੇ ਹੁਣੇ ਉਸਨੂੰ ਬਾਹਾਂ 'ਚ ਭਰ ਲੈਣਾ ਹੋਵੇ।

ਰਾਜ ਸਿੰਘ ਭੰਡਾਲ ਆਪ ਕੌਣ ਤੇ ਕੀ ਹੈ ਤੇ ਬਾਬਾ ਬੀਰ ਸਿੰਘ ਗ਼ਦਰੀ ਉਸਦੇ

ਕੀ ਲੱਗਦੇ ਸਨ ਇਹ ਬਿਰਤਾਂਤ ਰੁਕਕੇ ਕਿਉਂਕਿ ਇਸ ਨੂੰ ਇੱਥੇ ਵਿਸਥਾਰ ਦੇਣਾ ਸੰਭਵ ਨਹੀਂ ਹੈ ਪਰ ਸਮਾਂ ਰਹਿੰਦੇ ਮੈਂ ਇਸ ਉੱਪਰ ਪੁਸਤਕ ਲਿਖਣ ਦਾ ਮਨ ਬਣਾ ਚੁੱਕਾ ਹਾਂ ਜੋ ਇਤਿਹਾਸ ਵਿੱਚ ਲੁਪਤ ਹੋ ਚੁੱਕੇ ਸਾਡੇ ਵਿਰਾਸਤੀ ਫ਼ਖ਼ਰ ਨੂੰ ਅਵੱਸ਼ ਰੂਪਮਾਨ ਕਰੇਗੀ। ਇਥੇ ਰਾਜ ਨਾਲ ਮਿਲਣੀ ਦੀ ਗੱਲ ਦੁਬਾਰਾ ਸ਼ੁਰੂ ਕਰਦਾ ਹਾਂ।

ਅਮਰੀਕਾ 'ਚ ਗ਼ਦਰ ਲਹਿਰ ਤੇ ਜਿਸ ਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਾ ਹਾਂ, ਵਾਲੀ ਕਾਨਫ਼ਰੰਸ 'ਚ ਹਾਜ਼ਰੀ ਲਵਾ ਮੈਂ ਕਨੇਡਾ ਆ ਗਿਆ। ਇਸ ਦੀ ਜਾਣਕਾਰੀ ਮੈਂ ਰਾਜ ਸਿੰਘ ਭੰਡਾਲ ਹੋਰਾਂ ਨੂੰ ਫੋਨ ਤੇ ਸੁਨੇਹਾ ਭੇਜ ਦੇ ਦਿੱਤੀ ਸੀ, ਸਮੇਤ ਆਪਣੇ ਪਤੇ ਟਿਕਾਣੇ ਦੇ। ਇਹ ਵੀ ਕਹਿ ਦਿੱਤਾ ਸੀ ਕਿ ਕੱਲ ਦਾ ਦਿਨ ਮੈਂ ਉਸ ਲਈ ਵਿਹਲਾ ਰੱਖਿਆ ਹੈ ਬੇਸ਼ਰਤੇ ਉਹ ਵਿਹਲਾ ਹੋਵੇ ਤਾਂ। ਅਗਲੀ ਸਵੇਰੇ ਦਿਨ ਅਜੇ ਅੰਗੜਾਈ ਹੀ ਭਰ ਰਿਹਾ ਸੀ ਕਿ ਰਾਜ ਸਿੰਘ ਦਾ ਫੋਨ ਆ ਗਿਆ ਕਿ ਉਹ ਮੇਰੇ ਟਿਕਾਣੇ ਤੇ ਕੁਝ ਪਲਾਂ ਵਿਚ ਪਹੁੰਚਣ ਵਾਲਾ ਹੈ। ਆਪਾਂ ਬਾਹਰ ਚੱਲਾਂਗੇ ਕਿਤੇ, ਤਿਆਰ ਰਹਿਣਾ ਕਹਿ ਉਸਨੇ ਫੋਨ ਬੰਦ ਕਰ ਦਿੱਤਾ।

ਮੈਂ ਉਸਦੇ ਆਉਣ ਤੋਂ ਪਹਿਲਾਂ ਈ ਬਣ-ਠਣ ਕੇ ਬਾਹਰ ਆ ਗਿਆ ਸੀ। ਐਨ ਉਸੇ ਕੁ ਸਮੇਂ ਮੇਰੇ ਸਾਹਮਣੇ ਇਕ ਕਾਰ ਰੁਕੀ ਤੇ ਪੂਰੀ ਪੰਜਾਬੀ ਫ਼ਬਤ 'ਚ ਇਕ ਸੋਹਣਾ ਗੱਭਰੂ ਕਾਰ ਵਿੱਚੋਂ ਬਾਹਰ ਨਿਕਲਿਆ। ਮੈਂ ਸਮਝਿਆ ਹੋ ਨ ਹੋ ਰਾਜ ਸਿੰਘ ਇਹੀ ਹੋਏਗਾ ਪੱਕਾ। ਮੈਂ ਹਲਕਾ ਜਿਹਾ ਮੁਸਕਰਾਇਆ, ਉਹ ਸਿੱਧਾ ਮੇਰੇ ਵੱਲ ਆਇਆ ਤੇ ਬਿਨ੍ਹਾਂ ਮੈਨੂੰ ਪੁੱਛੇ ਤੇ ਆਪਣੇ ਬਾਰੇ ਦੱਸੇ ਬਾਹਾਂ ਖੋਲ੍ਹ ਜੱਫ਼ੇ 'ਚ ਲੈ ਬੋਲਿਆ ਵੇਖ ਲਵੋ ਪਛਾਣ ਲਿਆ ਜੇ ਮੈਂ ਤੁਸਾਂ ਨੂੰ। ਉਸਦੇ ਬੋਲਾਂ 'ਚ ਓਹੀ ਜ਼ਿੰਦਾਦਿਲੀ ਤੇ ਬੇਪਰਵਾਹੀ ਸੀ ਜਿਹੜੀ ਮੈਂ ਉਸਦੇ ਟੀ. ਵੀ. ਪ੍ਰੋਗਰਾਮ ਤੇ ਵੇਖੀ ਤੇ ਸੁਣੀ ਸੀ। ਹਾਂ ਉਸ ਵਿੱਚ ਇਕ ਵਾਧਾ ਜਰੂਰ ਸੀ ਕਿ ਉਸਦੇ ਚੇਹਰੇ ਤੇ ਝਲਕਦਾ ਮੁਹੱਬਤੀ ਨੂਰ ਉਸਦੇ ਨਿਵੇਕਲੇ ਹੋਣ ਦੀ ਗਾਥਾ ਜਰੂਰ ਕਹਿ ਰਿਹਾ ਸੀ। ਪਹਿਲੀ ਨਜ਼ਰੇ ਮੈਨੂੰ ਉਹ 'ਕਵਿਤਾ' ਵਰਗਾ ਬੰਦਾ ਲੱਗਿਆ ਤੇ ਨਾਲ ਦੀ ਨਾਲ ਪ੍ਰੋ.ਫ਼ੈਸਰ ਪੂਰਨ ਸਿੰਘ ਦੀ ਕਵਿਤਾ 'ਬੇਪਰਵਾਹ ਨੌਜਵਾਨ ਪੰਜਾਬ ਦੇ' ਘੁੰਮਣ ਲੱਗੀ। ਇਸ ਤਰ੍ਹਾਂ ਲੱਗਾ ਜਿਵੇਂ ਉਹ ਲਿਖੀ ਹੀ ਰਾਜ ਸਿੰਘ ਭੰਡਾਲ ਵਰਗੇ ਕਿਸੇ ਪੰਜਾਬੀ ਗੱਭਰੂ ਨੂੰ ਸਨਮੁੱਖ ਰੱਖਕੇ ਹੋਏਗੀ। ਉਸ ਦਿਨ ਦੀ ਮੁਲਾਕਾਤ ਕਦ ਸ਼ੁਰੂ ਹੋਈ ਤੇ ਕਦ ਖਤਮ ! ਇਸ ਦੀ ਸੁਰਤ ਸਾਨੂੰ ਦੋਹਾਂ ਨੂੰ ਈ ਨਹੀਂ ਸੀ ਪਰ ਇਹ ਜ਼ਰੂਰ ਪਤਾ ਲੱਗ ਗਿਆ ਸੀ ਕਿ ਸਵੇਰੇ ਪੂਰਬ ਵੱਲੋਂ ਉੱਗਿਆ ਸੂਰਜ ਹੁਣ ਪੱਛਮ ਦੀ ਆਗੋਸ਼ ਵਿੱਚ ਛੁਪ ਜਾਣ ਲਈ ਉਤਾਵਲਾ ਹੋ ਰਿਹਾ ਸੀ। ਵਕਤ ਜ਼ਿਆਦਾ ਲੈ ਲਿਆ ਤੁਸਾਂ ਦਾ ਬਾਬਾ ਜੀ ! ਰਾਜ ਬੋਲਿਆ ਤੇ ਇਹ ਸੁਣ ਮੁਸਕਰਾਹਟ ਦਾ ਮੇਰੀਆਂ ਬੁੱਲੀਆਂ ਤੇ ਖੇਡ ਜਾਣਾ ਸੁਭਾਵਿਕ ਸੀ। ਮੈਂ ਉੱਤਰ ਦਿੱਤਾ ਰਾਜ ਸਿੰਹਾਂ ਜਦ ਰਿਸ਼ਤਾ 'ਮਜਾਜ' ਤੋਂ 'ਹਕੀਕ' ਵੱਲ ਯਾਤਰਾ ਸ਼ੁਰੂ ਕਰਦਾ ਹੈ ਨ, ਤਦ ਇਹੋ ਜਿਹੇ

ਵਰਤਾਰਿਆਂ ਦਾ ਵਾਪਰਨਾ ਸੁਭਾਵਿਕ ਹੁੰਦਾ ਹੈ। ਭੋਰਾ ਪਰਵਾਹ ਨ ਕਰ ਤੇ ਮੈਨੂੰ ਮੇਰੇ ਟਿਕਾਣੇ ਤੇ ਪਹੁੰਚਦਾ ਕਰ ਆਪਣੀ ਮੰਜ਼ਿਲ ਵੱਲ ਛੂਟ ਵਟ ਲੈ।

ਫਿਰ ਲਗਭਗ ਪੂਰੇ ਦੇ ਪੂਰੇ ਦਸ ਦਿਨ ਤੇ ਦਸ ਦਿਨਾਂ ਦਾ ਹਰ ਪਲ ਅਸੀਂ ਇਕੱਠਿਆਂ ਬਿਤਾਇਆ ਸੀ। ਰਾਜ ਸੁਆਲਾਂ ਦੀਆਂ ਪੰਡਾਂ ਦੀਆਂ ਪੰਡਾਂ ਚੁੱਕੀ ਫ਼ਿਰਦਾ ਸੀ ਤੇ ਜਦ ਉਸਨੂੰ ਆਪਣੇ ਕੀਤੇ ਪ੍ਰਸ਼ਨ ਦਾ ਢੁਕਵਾਂ ਉੱਤਰ ਮਿਲ ਜਾਂਦਾ ਤਾਂ ਉਸਦੀਆਂ ਅੱਖਾਂ ਦੀ ਚਮਕ ਤੇ ਚੇਹਰੇ ਦਾ ਜਲੌਅ ਵੇਖਣ ਵਾਲਾ ਹੁੰਦਾ। ਇਕ ਗੱਲ ਮੈਂ ਜਾਣ ਗਿਆ ਸਾਂ ਕਿ ਸਹਿਜ ਦਿਸਣ ਵਾਲਾ ਇਹ ਮਨੁੱਖ ਐਨਾ ਸਹਿਜ ਵੀ ਨਹੀਂ ਹੈ। ਇਸਦੇ ਅੰਦਰ ਕੋਈ ਵੱਡੇ ਸੁਆਲਾਂ ਦਾ ਘੋਲ ਜ਼ਰੂਰ ਚੱਲ ਰਿਹਾ ਹੈ ਜੋ ਇਸ ਦੀਆਂ ਨੀਂਦਰਾਂ ਵਿੱਚ ਨਿਰੰਤਰ ਵਿਘਨ ਪਾ ਰਿਹਾ ਹੈ। ਉਨ੍ਹਾਂ ਪ੍ਰਸ਼ਨਾਂ ਦੀ ਅਗਨ ਦੇ ਤੀਬਰ ਵੇਗ ਨੂੰ ਉਨ੍ਹਾਂ ਦੇ ਉੱਤਰ ਦੇ ਕੇ ਸੰਤੁਸ਼ਟ ਕਰਨ ਦੇ ਕਰਤੱਵ ਨੂੰ ਮੇਰੇ ਉੱਪਰ ਆਸਮਾਨਾਂ ਨੇ ਆਇਦ ਕਰ ਦਿੱਤਾ ਹੈ, ਇਹ ਮੇਰੀ ਸਮਝ ਵਿੱਚ ਆ ਗਿਆ ਸੀ।

ਉਸਦੇ ਪ੍ਰਸ਼ਨਾਂ ਦਾ ਪੱਧਰ ਕਦੇ-ਕਦੇ ਐਨਾ ਉੱਚਾ ਤੇ ਰਹੱਸਮਈ ਹੁੰਦਾ ਕਿ ਮੈਂ ਉਸਨੂੰ ਵਿੱਚੋਂ ਟੋਕ ਪੁਛਦਾ 'ਪਹਿਲਾਂ ਇਹ ਦਸ ਇਹ ਸਿਖਿਆ ਕਿਥੋਂ ਈ'। ਉਹ ਮੁਸਕਰਾਹਟ ਬਖੇਰ ਠਹਾਕਾ ਲਾਉਂਦਾ ਤੇ ਫਿਜ਼ਾ 'ਚ ਉਸਦੇ ਬੋਲ ਗੂੰਜਣ ਤੋਂ ਪਹਿਲਾਂ ਮਸੂਮੀਅਤ ਆਣ ਕਬਜ਼ਾ ਕਰਦੀ ਤੇ ਉਸ ਦੇ ਬੁੱਲ੍ਹਾਂ ਚੋਂ ਅਵਾਜ਼ ਨਿਕਲਦੀ ਕਿਹੋ ਜਿਹੀਆਂ ਗੱਲਾਂ ਕਰਦੇ ਜੇ, ਮੈਂ ਤੇ ਸਕੂਲ ਕਾਲਜ ਦਾ ਮੂੰਹ ਨਹੀਂ ਦੇਖਿਆ ਜੀ ਕਦੇ ਅੱਜ ਤੱਕ। ਮੈਂ ਤੁਰੰਤ ਬੋਲਦਾ ਬਾਹਲਾ ਚੰਗਾ ਕੀਤਾ ਈ ਜੇ ਉਥੇ ਚਲਾ ਜਾਂਦਾ ਤਾਂ ਫ਼ਿਰ ਇਸ ਸਭ ਕੁਝ ਤੋਂ ਕੋਰਾ ਰਹਿ ਜਾਂਦਾ ਉਕਾ ਈ। ਜੋ ਤੂੰ ਮੈਨੂੰ ਪੁੱਛ ਰਿਹਾ ਨ ਅੱਜ ਇਹ ਕਿਤੇ ਤੇਰੇ ਚੇਤਿਆਂ ਦਾ ਵੀ ਭਾਗ ਨਹੀਂ ਸੀ ਓ ਬਣਨਾ। ਹੋ ਸਕਦਾ ਡਾਲਰ ਇਕੱਠੇ ਕਰਨ ਦੀ ਹੋੜ 'ਚ ਪੈ ਉਹ ਰਾਜ ਸਿਹੁੰ ਗਵਾਚ ਜਾਂਦਾ ਸਦਾ ਲਈ ਜੇਹੜਾ ਮੇਰੇ ਸਾਹਮਣੇ ਹੁਣ ਬੈਠਾ ਹੈ।

ਪਹਿਲੀ ਵਾਰ ਸੱਤ ਸਮੁੰਦਰ ਪਾਰ ਧਰਤਿ ਤੇ ਮੇਰਾ ਦਿਲ ਲੱਗਾ ਸੀ। ਦਿਨ ਕਦ ਲੰਘ ਗਏ ਫਿਰ ਕਿਸਨੂੰ ਖਬਰ ਪਰ ਇਸਦਾ ਕਾਰਨ ਇਕੋ ਸੀ 'ਰਾਜ ਸਿੰਘ ਭੰਡਾਲ' ਜਿਸ ਦੀ ਦੋਸਤੀ ਨੇ ਮੈਨੂੰ ਵੀ ਅਮੀਰੀਅਤ ਬਖਸ਼ ਦਿੱਤੀ ਸੀ, ਸਚਮੁੱਚ ਦੀ ਅਮੀਰੀਅਤ ਜੋ ਸੰਸਾਰੀ ਵਸਤਾਂ ਦੀ ਮੁਥਾਜੀ ਤੋਂ ਕੋਹਾਂ ਦੂਰ ਸੀ।

ਧਰਤਿ ਪੰਜਾਬ ਤੇ ਪਹੁੰਚ ਮੈਨੂੰ ਲੱਗਿਆ ਕਿ ਜਿਵੇਂ ਰਾਜ ਸਿੰਘ ਕਨੇਡਾ ਤੋਂ ਮੇਰੇ ਨਾਲ ਈ ਚੱਲ ਆਇਆ ਹੋਵੇ ਕਿਉਂਕਿ ਸਾਡਾ ਸੰਵਾਦ ਬਿਨ੍ਹਾਂ ਕਿਸੇ ਰੁਕਾਵਟ ਦੇ ਨਿਰੰਤਰ ਜਾਰੀ ਰਿਹਾ। ਫ਼ੋਨ ਤੇ ਅਸੀਂ ਘੰਟਿਆਂ ਬੱਧੀ ਗੱਲਾਂ 'ਚ ਲੱਗੇ ਰਹਿੰਦੇ। ਨਾ ਤੇ ਹੁਣ ਤੱਕ ਉਸਦੇ ਪ੍ਰਸ਼ਨਾਂ ਦੀ ਗਿਣਤੀ ਵਿੱਚ ਘਾਟ-ਵਾਧ ਨਜ਼ਰੀਂ ਪਈ ਸੀ ਤੇ ਨ ਹੀ ਪ੍ਰਸ਼ਨਾਂ ਦੇ ਘੇਰੇ

ਵਿੱਚ ਕੋਈ ਘਟਾਅ ਮਹਿਸੂਸ ਹੋ ਰਿਹਾ ਸੀ। ਲੱਗਣ ਇੰਝ ਲੱਗ ਗਿਆ ਸੀ ਕਿ ਕੁਲ ਜਿੰਦਗੀਆਂ ਇਹ ਹੁਣ ਜਾਰੀ ਹੀ ਰਹਿਣਾ ਹੈ ਪਰ ਜਿਥੋਂ ਤੱਕ ਇਸ ਜਿੰਦਗੀ ਦਾ ਸਵਾਲ ਹੈ ਮੈਂ ਸਵੇਰੇ ਉਠਦੇ ਹੀ ਰਾਜ ਦੇ ਸਵਾਲਾਂ ਦੇ ਉੱਤਰ ਦੇਣ ਲਈ ਆਪਣੇ-ਆਪ ਨੂੰ ਤਿਆਰ-ਬਰ-ਤਿਆਰ ਕਰੀ ਰੱਖਦਾ ਤੇ ਨਾਲ ਹੀ ਸੋਚਾਂ ਦਾ ਘੋੜਾ ਦੜਾਉਂਦਾ ਰਹਿੰਦਾ ਕਿ ਅੱਜ ਦੇ ਪ੍ਰਸ਼ਨਾਂ ਦਾ ਖੇਤਰ ਕਿਹੜਾ ਹੋ ਸਕਦਾ ਹੈ। ਗੱਲਬਾਤ ਦਾ ਸਿਲਸਲਾ ਕਦ, ਕਦੋਂ ਤੇ ਕਿਥੋਂ ਸ਼ੁਰੂ ਹੋ ਵਕਤ ਨੂੰ ਪੁੱਠੀ ਭੁਵਾਂਟਣੀ ਦੇ ਦਿੰਦਾ ਸਾਨੂੰ ਕੋਈ ਪਤਾ ਨਹੀਂ ਚੱਲਦਾ ਸੀ। ਅਸਲ 'ਚ ਸਾਡੀ ਵਾਰਤਾਲਾਪ ਵਕਤ ਦੀ ਮੁਥਾਜੀ ਤੋਂ ਪਾਰ ਦੀ ਗੱਲ ਜ਼ਰੂਰ ਈ ਹੋ ਚੁੱਕੀ ਸੀ। ਫੋਨ ਲਈ ਵਕਤ ਠੀਕ ਹੈ ਜਾਂ ਨਹੀਂ, ਕਿਤੇ ਟਾਈਮ ਬੇ ਟਾਈਮ ਕੀਤਾ ਫੋਨ ਕੰਮ 'ਚ ਈ ਖਲਲ ਨ ਪਾਉਂਦਾ ਹੋਵੇ ਆਦਿ ਦਾ ਅਹਿਸਾਸ ਤੇ ਉਸ ਅਹਿਸਾਸ ਦੀ ਅਹਿਮੀਅਤ ਨੇ ਵੀ ਸ਼ਾਇਦ ਸਾਡੇ ਤੋਂ ਪਰੇ ਹੋ ਜਾਣ 'ਚ ਈ ਆਪਣੀ ਭਲਾਈ ਸਮਝ ਲਈ ਸੀ। ਹਾਂ ਫੋਨ ਚੁੱਕਣ ਤੋਂ ਬਾਅਦ ਇਕ ਠਹਾਕਾ ਜ਼ਰੂਰ ਗੂੰਜਦਾ ਤੇ ਫਿਰ ਸੌਂ ਜਾ! ਸੌਂ ਜਾ! ਦੇ ਬੋਲਾਂ ਨੇ ਹੈਲੋ ਦੀ ਥਾਂ ਜ਼ਰੂਰ ਗ੍ਰਹਿਣ ਕਰ ਲਈ ਸੀ। ਹੋਰ ਤੇ ਹੋਰ ਘਰਦਿਆਂ ਤੇ ਮੇਰੇ ਦਫ਼ਤਰ ਵਾਲਿਆਂ ਨੇ ਵੀ ਹੁਣ ਇਸ ਨੂੰ 'ਭਾਣਾ' ਸਮਝ ਪ੍ਰਵਾਨ ਕਰ ਲਿਆ। ਹਾਂ ਰਮਾਕਾਂਤ ਜੀ ਦੇ ਪ੍ਰਵਚਨ ਸਾਡੀ ਸੰਵਾਦੀ ਸੁਰ ਜੋ ਹੁਣ ਲਗਭਗ ਸੰਵਾਦੀ ਲਹਿਰ ਹੀ ਬਣ ਚੁੱਕੀ ਸੀ ਦੀ ਤੰਦ ਨੂੰ ਹੋਰ ਮਜ਼ਬੂਤ ਤੇ ਸਦੀਵੀ ਕਰਨ ਵਿੱਚ ਸਹਾਈ ਜ਼ਰੂਰ ਹੁੰਦੇ ਲੱਗਦੇ।

ਅੱਜ ਜਦ ਮੈਂ ਯੂਨੀਵਰਸਿਟੀ ਵਿੱਚ ਆਪਣੇ ਦਫ਼ਤਰ 'ਚ ਸੱਜ-ਧੱਜ ਆਪਣਾ ਕੰਮਕਾਜ ਨਿਪਟਾਅ ਰਿਹਾ ਸਾਂ ਤਾਂ ਮੇਰੀ ਸਹਿਯੋਗੀ ਡਾ. ਸੰਦੀਪ ਕੌਰ ਇਕ ਖਰੜਾ ਮੇਰੇ ਸਾਹਮਣੇ ਰੱਖ ਬੋਲੀ, ਸਰ! ਜੇਕਰ ਇਸ ਖਰੜੇ ਤੇ ਇਕ ਨਿਗਾਹ ਮਾਰ ਦਿਓ ਤਾਂ ਮੈਂ ਤੁਹਾਡੀ ਬਹੁਤ ਸ਼ੁਕਰਗੁਜ਼ਾਰ ਹੋਵਾਂਗੀ। ਮੈਂ ਉਸ ਵੱਲ ਬਿਨ੍ਹਾਂ ਵੇਖੇ ਆਪਣਾ ਕੰਮਕਾਜ ਜਾਰੀ ਰੱਖ ਬੋਲਿਆ ਕੀ ਹੈ ਇਸ ਖਰੜੇ 'ਚ, ਠਹਿਰ ਕੇ ਆਉਣਾ। ਉਹ ਥੋੜਾ ਜਿਹਾ ਕੁਰਸੀ ਤੋਂ ਉੱਠੀ ਤੇ ਮੈਨੂੰ ਸੁਣਾ ਕੇ ਬੋਲੀ ਠੀਕ ਹੈ ਜੀ ਪਰ ਇਸ ਖਰੜੇ ਵਿੱਚ 'ਅਣਕਹੀ ਕਵਿਤਾ' ਦੇ ਸਿਰਲੇਖ ਹੇਠ ਭਾਅ ਜੀ ਰਾਜ ਸਿੰਘ ਦਾ ਕਲਾਮ ਹੈ। ਮੈਨੂੰ ਇਹ ਤੇ ਪਤਾ ਸੀ ਕਿ ਸਾਡੀ ਇਸ ਅਧਿਆਪਕ ਦੀ ਰਾਜ ਸਿੰਘ ਦੇ ਨਾਨਕਿਆਂ ਵੱਲੋਂ ਰਿਸ਼ਤੇਦਾਰੀ ਹੈ ਪਰ 'ਰਾਜ ਸਿੰਘ ਦਾ ਕਲਾਮ' ਇਸ ਸ਼ਬਦ ਨੇ ਮੈਨੂੰ ਅਚੰਭਿਤ ਕਰਕੇ ਜ਼ਰੂਰ ਰੱਖ ਦਿੱਤਾ ਸੀ। ਮੈਂ ਹੱਥਲੇ ਕੰਮ ਨੂੰ ਵਿੱਚੇ ਛੱਡ ਹੈਰਾਨੀ ਨਾਲ ਉਸਦੇ ਚੇਹਰੇ ਤੇ ਨਜ਼ਰਾਂ ਗੱਡ ਪੁੱਛਿਆ, ਕੀ ਬੋਲਿਆ ਤੂੰ। ਉਹ ਇਹੀ ਤੇ ਉਡੀਕ ਕਰ ਰਹੀ ਸੀ, ਮੁਸਕਰਾਹਟ ਬਖ਼ੇਰ੍ਹਦੇ ਉਹ ਬੋਲੀ! ਓਹੀ ਜੋ ਤੁਸੀਂ ਸੁਣਿਆ, ਰਾਜ ਸਿੰਘ ਭਾਅ ਦਾ ਕਲਾਮ 'ਅਣਕਹੀ ਕਵਿਤਾ' ਦੇ ਸਿਰਲੇਖ ਹੇਠ। ਮੈਂ ਆਪਣੀ ਕੁਰਸੀ ਤੋਂ ਲਗਭਗ ਛਾਲ ਮਾਰਨ ਵਾਂਗ ਹੀ ਉੱਠਿਆ ਤੇ ਖਰੜਾ ਉਸਦੇ ਹੱਥੋਂ

ਖੋਹ ਲਿਆ। ਖਰੜੇ ਤੇ ਨਿਗਾਹ ਪੈਂਦਿਆਂ ਹੀ ਮੋਟੇ-ਮੋਟੇ ਅੱਖਰਾਂ 'ਅਣਕਹੀ ਕਵਿਤਾ' ਕਲਾਮ ਰਾਜ ਸਿੰਘ ਭੰਡਾਲ ਮੇਰੇ ਸਾਹਮਣੇ ਸੀ।

ਮੇਰੇ ਲਈ ਇਹ ਹੈਰਾਨੀਜਨਕ ਵੀ ਸੀ ਤੇ ਅਦਭੁੱਤ ਵੀ। ਮੈਨੂੰ ਇਹ ਤੇ ਪਤਾ ਸੀ ਨਿੱਠ ਕੇ ਪੁਸਤਕਾਂ ਦਾ ਅਜੱਪਾ-ਜਾਪ ਉਸ ਦੀ ਦਿਨ-ਚਰੀਯਾ ਦਾ ਲੰਮੇ ਸਮੇਂ ਤੋਂ ਹਿੱਸਾ ਬਣ ਚੁੱਕਾ ਸੀ ਤੇ ਪੁਸਤਕਾਂ ਦਾ ਅਜਿਹਾ ਖ਼ਜਾਨਾ ਵੀ ਉਸ ਦੀ ਮਲਕੀਅਤ ਦਾ ਹਿੱਸਾ ਸੀ ਜਿਸ ਬਾਰੇ ਪੂਰੇ ਦੇ ਪੂਰੇ ਉਤਰੀ ਅਮਰੀਕਾ ਦੇ ਮਹਾਂਦੀਪ ਵਿੱਚ ਕੋਈ ਕਿਆਸ ਵੀ ਨਹੀਂ ਸੀ ਕਰ ਸਕਦਾ। ਅਦਭੁੱਤ ਗੱਲ ਪਰ ਮੇਰੇ ਲਈ ਇਹ ਸੀ ਉਹ ਰਚਨਾ ਵੀ ਐਨੀ ਸੋਹਣੀ ਕਰ ਸਕਦਾ ਹੈ। ਸਚਮੁੱਚ ਇਹ ਮੇਰੇ ਕਦੇ ਚੇਤਿਆ ਦਾ ਭਾਗ ਵੀ ਨਹੀਂ ਸੀ। ਮੈਂ ਹੱਥਲੇ ਸਾਰੇ ਕੰਮ ਉਥੇ ਈ ਛੱਡ ਦਿੱਤੇ ਤੇ 'ਅਣਕਹੀ ਕਵਿਤਾ' ਦਾ ਖਰੜਾ ਇੱਕੋ ਬੈਠਕ ਵਿੱਚ ਡੀਕ ਲਾ ਕੇ ਪੀ ਗਿਆ। ਐਨੀ ਗੂੜ੍ਹ ਕਵਿਤਾ ਜਿਸ ਵਿੱਚ ਰਮਜ਼ ਤੇ ਰਹੱਸ ਗਲਵੱਕੜੀ ਪਾ ਕੇ ਚੱਲ ਰਿਹਾ ਸੀ। ਇਹ ਕਵਿਤਾ ਤੇ ਸਚਮੁੱਚ ਵਿਸਮਾਦ ਵਿੱਚ ਉਤਾਰ ਪਾਠਕ ਨੂੰ ਆਪਣੇ ਨਾਲ ਵਹਾਅ ਲੈ ਜਾਣ ਦੀ ਸਮਰੱਥਾ ਰੱਖਦੀ ਸੀ। ਕਵਿਤਾ ਵਿੱਚ ਅੰਕਿਤ ਚਿੰਨ੍ਹ ਅਤੇ ਪ੍ਰਤੀਕ ਇਸ ਗੱਲ ਦਾ ਇਸ਼ਾਰਾ ਜ਼ਰੂਰ ਕਰ ਰਹੇ ਸਨ ਕਿ ਉਸਨੇ ਨਿਠਕੇ ਕਵਿਤਾ ਪਾਠ ਦਾ ਅਭਿਆਸ ਜ਼ਰੂਰ ਕੀਤਾ ਹੋਏਗਾ। ਜੇ ਇਹ ਸੱਚ ਨ ਵੀ ਹੋਵੇ ਤਾਂ ਇਹ ਤੇ ਮੰਨਿਆ ਈ ਨਹੀਂ ਜਾ ਸਕਦਾ ਕਿ ਉਸਨੇ ਭਾਈ ਵੀਰ ਸਿੰਘ ਤੇ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਨ ਪੜ੍ਹਿਆ ਹੋਵੇ ਕਿਉਂਕਿ ਇਨ੍ਹਾਂ ਦੋਵਾਂ ਮਹਾਂਰਥੀਆਂ ਵਾਲੀ ਵਿਧਾ ਤੇ ਰਮਜ਼ ਨਾਲ ਰਾਜ ਸਿੰਘ ਦੀ ਕਵਿਤਾ ਵੀ ਪਰੁੱਤੀ ਪਈ ਸੀ। ਮੇਰੀਆਂ ਅੱਖਾਂ ਸਚਮੁੱਚ ਖੁੱਲ੍ਹੀਆਂ ਦੀਆਂ ਖੁਲ੍ਹੀਆਂ ਰਹਿ ਗਈਆਂ ਸਨ ਤੇ ਮੈਂ ਬਿਨ੍ਹਾਂ ਵੇਲਾ ਵਖ਼ਤ ਵਿਚਾਰੇ 'ਲੈਂਹਗਲੀ' ਵਾਲੇ ਸਰਦਾਰ ਨੂੰ ਉਥੋਂ ਦੀ ਟੱਪ ਚੁੱਕੀ ਅੱਧੀ ਰਾਤ ਵੇਲੇ ਵੀ ਫੋਨ ਘੁਮਾ ਸੁਤ-ਉਨੀਂਦੇ 'ਚ ਜਗਾ ਲਿਆ ਸੀ। ਬਿਨ੍ਹਾਂ ਸਿਫ਼ਤ-ਸਲਾਹ ਦੇ ਮੈਂ ਉਸਨੂੰ ਕਿਹਾ ਕਿ ਤੈਨੂੰ ਭੋਰਾ-ਭਰ ਵੀ ਡਰ ਨਹੀਂ ਲੱਗਾ ਕਿ ਜਦ ਮੈਂ ਤੈਨੂੰ 'ਕਟਹਿਰੇ 'ਚ ਖੜਾ ਕਰ' ਕਵਿਤਾ ਵਾਲੀ ਗੱਲ ਮੇਰੇ ਕੋਲੋਂ ਲੁਕਾਉਣ ਤੇ ਪ੍ਰਸ਼ਨ ਕਰਾਂਗਾ ਤਾਂ ਤੂੰ ਸਾਹਮਣਾ ਕਰਨ ਵਾਲੇ ਸਵਾਲਾਂ ਦਾ ਉੱਤਰ ਕਿਵੇਂ ਦੇਵੇਂਗਾ। ਰਾਜ ਮੇਰੀ ਝਿੜਕ ਝੰਬ ਨੂੰ ਥੋੜ੍ਹਾ-ਥੋੜ੍ਹਾ ਹੱਸਦੇ ਹੋਏ ਪ੍ਰਵਾਨ ਕਰ ਰਿਹਾ ਸੀ ਤੇ ਬਾਰ-ਬਾਰ ਇੱਕ ਈ ਸ਼ਬਦ ਬੋਲ ਰਿਹਾ ਸੀ, ਛੱਡੋ ਬਾਬਾ ਜੀ ਛੱਡੋ, ਕਿਹੜੀ ਕਵਿਤਾ ਦੀ ਗੱਲ ਕਰ ਰਹੇ ਹੋ। ਮੈਂ ਤੇ ਕਵਿਤਾ! ਲੱਗਦਾ ਤੁਹਾਨੂੰ! ਇਹ ਸਾਡੀ ਕੁੜੀ ਤੇ ਝੱਲੀ ਹੈ ਜੀ ਪਤਾ ਨਹੀਂ ਇਹ ਸਾਰਾ ਕੁਝ ਇਸਨੇ ਕਿਵੇਂ ਕਰ ਛੱਡਿਆ ਜੀ! ਸੱਚ ਦੱਸਾਂ! ਮੇਰਾ ਤੇ ਡਰ ਨਾਲ ਸਾਹ ਸੁੱਕ-ਸੁੱਕ ਜਾਂਦਾ ਸੀ। ਤੁਸੀਂ ਆਪ ਸਿਆਣੇ ਜੇ! ਭਲਾ ਮੈਂ ਕਵਿਤਾ ਕਿਵੇਂ ਲਿਖ ਸਕਦਾ ਹਾਂ ਜੀ!

ਹਾਲਾਂਕਿ ਰਾਜ ਸਿੰਘ ਇਹ ਭਲੀ-ਭਾਂਤ ਜਾਣਦਾ ਸੀ ਕਿ ਉਸਦੇ ਕਵਿਤਾ ਲਿਖ

ਲੈਣ ਦੇ ਗੁਣ ਨੂੰ ਜਾਣਦਿਆਂ ਈ ਮੇਰੀ ਹਿੱਕ ਮਾਣ ਨਾਲ ਦੂਣ ਸੁਵਾਈ ਹੋ ਗਈ ਹੋਣੀ ਹੈ ਤੇ ਖੁਸ਼ੀ 'ਚ ਜਿਥੇ ਮੇਰੇ ਪੈਰ ਜ਼ਮੀਨ ਤੇ ਨਹੀਂ ਲੱਗ ਰਹੇ ਹੋਣੇ ਉਥੇ ਮੈਂ ਗਿੱਠ-ਗਿੱਠ ਉੱਚਾ ਹੋ ਤੁਰਨ ਜ਼ਰੂਰ ਲੱਗ ਗਿਆ ਹੋਵਾਂਗਾ ਪਰ ਜਿਵੇਂ ਮੈਂ ਗੁੱਸੇ ਹੋਣ ਦਾ ਬਹਾਨਾ ਕਰ ਰਿਹਾ ਸਾਂ ਓਵੇਂ ਹੀ ਉਹ ਮੇਰੇ ਤੋਂ ਲੁਕਾਉਣ ਲਈ ਬਹਾਨੇ ਕਰ ਰਿਹਾ ਸੀ। ਮੈਨੂੰ ਤੇ ਪਤਾ ਲੱਗ ਹੀ ਚੁੱਕਾ ਸੀ ਪਰ ਮੇਰਾ ਦਾਅਵਾ ਹੈ ਕਿ ਸਾਡੀ ਬੀਬੀ ਨਰਿੰਦਰ ਕੌਰ, ਭੈਣ ਤਜਿੰਦਰ, ਸਿਮ, ਗੁਰਸ਼ਰਨ ਤੇ ਬੱਚਿਆਂ ਹਾਕਮ, ਦਇਆ ਕੌਰ ਅਤੇ ਸ਼ੀਤਲ ਦੇ ਅਜੇ ਤੱਕ ਵੀ ਇਹ ਚੇਤਿਆਂ ਦਾ ਭਾਗ ਨਹੀਂ ਹੋਣਾ ਕਿ ਉਨ੍ਹਾਂ ਦਾ ਰਾਜ ਸਿੰਘ ਕਵੀ ਵੀ ਹੈ।

ਆਖ਼ਰ ਰਾਜ ਸਿੰਘ ਨੇ ਗੱਲਬਾਤ 'ਚ ਥੋੜ੍ਹਾ ਵਰਾਮ ਲਿਆ ਕਿਉਂਕਿ ਉਸ ਨੂੰ ਪਤਾ ਲੱਗ ਗਿਆ ਸੀ ਕਿ ਹੁਣ ਹੋਰ ਲੁਕਾਉਣ ਦਾ ਕੋਈ ਫ਼ਾਇਦਾ ਨਹੀਂ। ਫ਼ਿਰ ਉਸਦੇ ਬੋਲ ਮੇਰੇ ਕੰਨੀਂ ਪਏ:

ਅਸੀਮ ਬਖਸ਼ਿਸ਼ ਜਾਂ ਇਨਾਇਤ ਕੋਈ
ਪਾਕ ਸੀਰਤ ਨਦਰ ਹੋਈ॥

ਮੈ ਹੱਸ ਪਿਆ ਤੇ ਕਿਹਾ, ਯਾਰਾ! ਸਚਮੁੱਚ ਪਾਤਸ਼ਾਹ ਤੇਰੇ ਹੱਥੋਂ ਕੁਝ ਵੱਡਾ ਕਰਾਉਣ ਲਈ ਆਪ ਤੁਠਿਆ ਈ। ਉਸਦੇ ਬੁੱਲ੍ਹਾਂ ਚੋਂ ਨਿਕਲੇ ਇਕ ਹੋਰ ਬੰਦ ਨੇ ਫ਼ਿਰ ਮੇਰੇ ਕੰਨਾਂ ਚ ਰਸ ਘੋਲਿਆ:

ਪਰਮਾਤਮ ਦੀਆਂ ਮੌਜਾਂ ਜੋ ਮਚਦੇ ਨੇ ਠਲਦੇ
ਚੜ੍ਹਦੀ ਕਲਾ ਵਿੱਚ ਕਣ ਕਣ ਨੇ ਜਲਦੇ॥

ਤੇ ਫ਼ਿਰ ਉਸਦਾ ਅਗਲਾ ਵਾਕ ਜੋ ਕਵਿਤਾ ਦੇ ਬੰਦ ਬਾਅਦ ਮੇਰੇ ਕੰਨੀਂ ਆ ਪਿਆ, ਡਾਕਟਰ ਸਾਹਿਬ ਅਰਦਾਸ ਕੀਤੀ ਸੀ ਸ਼ਬਦਾਂ ਲਈ, ਜੇ ਤੁਸੀਂ ਉਨ੍ਹਾਂ ਸ਼ਬਦਾਂ ਨੂੰ ਕਵਿਤਾ ਕਹਿੰਦੇ ਜੋ ਤੇ ਮੇਰੇ ਧੰਨ ਭਾਗ! ਮੈਂ ਤੇ ਇਹ ਕਿਹਾ ਸੀ 'ਆਸਮਾਨਾਂ ਵੱਲ ਹੱਥ ਕਰ':

ਗੂੜ੍ਹੀ ਨੀਂਦ ਚੋਂ ਅੱਜ, ਭਲਕੇ, ਤੜਕੇ ਜਗਾ ਮੈਨੂੰ
ਬੋਲ ਅਣਦਿੱਖ ਪਰਦਾ ਖੋਲ੍ਹ
ਕੁਝ ਤੇ ਦਿਖਾ ਮੈਨੂੰ॥

ਮੈਂ ਵੀ ਹੁਣ ਆਸਮਾਨਾਂ ਵੱਲ ਨਿਗਾਹ ਮਾਰੀ ਤੇ ਸ਼ੁਕਰਾਨੇ ਵਜੋਂ ਅੱਖਾਂ ਬੰਦ ਕੀਤੀਆਂ ਤੇ ਕਿਹਾ 'ਪਾਤਸ਼ਾਹ ਤੇਰੀਆਂ ਤੂੰ ਹੀ ਜਾਣੇ' ਤੇ ਇੱਕ ਮਿੱਠੀ ਝਿੜਕ ਰਾਜ ਨੂੰ ਦੇ 'ਸੌਂ ਜਾ' ਹੁਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ। ਉਹ ਮੇਰੀ ਗੱਲ ਅਣਸੁਣੀ ਕਰ ਬੋਲਿਆ:

ਇਹ ਜਾਗਣਾ, ਇਹ ਬੇਹੋਸ਼ੀ 'ਚ ਸੁਪਨਾ ਜਿਹਾ
ਇਹ ਸੌਣਾ, ਇਹ ਮੌਤ ਚੋਂ ਉਠਣਾ ਜਿਹਾ॥

ਓ ਭਰਾਵਾ, ਮੈਂ ਕੂਕਿਆ! ਮੈਨੂੰ ਲਿਖ-ਪੜ੍ਹ ਲੈਣ ਦੇ, ਰਹਿੰਦੀਆਂ ਗੱਲਾਂ ਆਪਾਂ 'ਲੈਂਹਗਲੀ''ਚ ਪਹੁੰਚ ਅਮਰੀਕਾ ਨੂੰ ਜਾਂਦੇ ਰਾਹ ਦੇ ਕੰਢੇ ਤੇ ਖਲੋਅ ਕੇ ਹੀ ਕਰਾਂਗੇ ਹੁਣ ਪਰ ਲੈ ਇਹ ਸੁਣ! ਆਹ ਬੰਦ ਮੇਰੇ ਆੜ੍ਹੀ ਰਾਜ ਦਾ ਹੀ ਲਿਖਿਆ ਈ। ਇਸ ਲਈ ਤੈਨੂੰ ਜਲਦ ਸਮਝ ਆ ਜਾਊ:

ਸਾਦਗੀ ਦੀ ਤੋਰ ਤੇ ਹਲੀਮੀ ਦੀ ਅਦਾ
ਮਿਲਣੇ ਦੀ ਤਾਂਘ ਤੇ ਵੈਰਾਗ ਦੀ ਸਦਾ॥

ਰਾਜ ਉੱਚੀ-ਉੱਚੀ ਹੱਸਿਆ ਤੇ ਬੋਲਿਆ ਸਮਝ ਗਿਆ ਜੀ, ਸਮਝ ਗਿਆ ਪਰ ਰੱਬ ਦਾ ਵਾਸਤਾ ਆਹ ਬੰਦ ਨਾ ਕਰਿਓ, ਆਹ ਇਕ ਆਖ਼ਰੀ ਬੰਦ, ਸੱਚਮੁਚ ਦਾ ਵਾਅਦਾ ਜੋ:

ਇਹ ਰਹਿਮਤ ਇਹ ਕ੍ਰਿਪਾ ਇਹ ਉਭਰੇ-ਉਭਾਰੇ
ਇਹ ਕਣ-ਕਣ ਇਹ ਮਦਹੋਸ਼ੀ ਇਹ ਠਾਕੁਰ ਨਮਸਕਾਰੇ
ਨਮਸਕਾਰੇ!! ਨਮਸਕਾਰੇ!! ਨਮਸਕਾਰੇ!! ਨਮਸਕਾਰੇ!!

ਤੇ ਫੋਨ ਬੰਦ ਕਰ ਸ਼ਾਇਦ ਰਾਜ ਰਜਾਈ 'ਚ ਵੜ ਗਿਆ ਸੀ ਤੇ ਮੈਂ 'ਅਣਕਹੀ ਕਵਿਤਾ' ਦੇ ਖਰੜੇ ਤੇ ਨਿਗਾਹ ਮਾਰੀ ਸਾਹਮਣੇ ਅੱਖਰ ਸ਼ਬਦਾਂ ਦਾ ਅਕਾਰ ਧਰ ਮੇਰੀ ਸੁਰਤ ਨੂੰ ਥਾਂ ਸਿਰ ਕਰ ਰਹੇ ਸਨ:

ਗੋਡਿਆਂ ਨੂੰ ਛਾਤੀ ਨਾਲ ਲਾ ਬਾਹਾਂ ਲਪੇਟ
ਰਜਾਈ 'ਚ ਲੁਕ ਜਾਣਾ
ਆਪਣੇ ਜਾਚੇ ਮਾਂ ਦੇ ਗਰਭ ਵਿੱਚ
ਖ਼ੁਦ ਨਾਲ ਜੱਫੀ ਪਾ ਛੁੱਪ ਜਾਣਾ॥

ਮੈਂ ਪੜ੍ਹਿਆ ਤੇ ਅੱਖਾਂ ਮੁੰਦੀਆਂ ਤੇ ਸ਼ਬਦ ਮੇਰੇ ਮੁਖ ਦਾ ਸ਼ਿੰਗਾਰ ਬਣੇ 'ਵਾਹ ਰਾਜ ਸਿੰਘ ਵਾਹ'! ਵਾਹ ਓਏ ਆਸਮਾਨਾਂ ਦੇ ਪੁੱਤਰਾ!!

ਜਦ ਮੈਂ ਅੱਖਾਂ ਖੋਲ੍ਹੀਆਂ ਤਾਂ ਮੇਰੇ ਸਾਹਮਣੇ ਹੀ ਬੈਠੇ ਸਨ ਇਸ ਕਿਤਾਬ ਨੂੰ ਹਕੀਕਤ 'ਚ ਉਤਾਰਨ ਵਾਲੇ ਦੋਵੇਂ ਤੇ ਦੋਵਾਂ ਦੇ ਕਾਰਜ ਤੋਂ ਬਲਿਹਾਰੇ ਜਾਣਾ ਤੇ ਬਣਦਾ ਹੀ ਸੀ। ਜਿਨ੍ਹਾਂ ਨੇ ਮੇਰੇ ਰਾਜ ਸਿੰਘ ਦੀ 'ਅਣਕਹੀ ਕਵਿਤਾ' ਨੂੰ ਕਿਤਾਬੀ ਰੂਪ ਦੇ ਕਮਾਲ ਕਰ ਦਿੱਤਾ ਸੀ। ਇਨ੍ਹਾਂ ਚੋਂ ਡਾ. ਸੰਦੀਪ ਕੌਰ ਨੇ ਜਿਸ ਤਰ੍ਹਾਂ ਇਹ ਕਵਿਤਾ ਦੀਆਂ ਆਡੀਓਜ਼ ਸੁਣ ਉਨ੍ਹਾਂ ਨੂੰ ਸ਼ਬਦਾਂ ਵਿੱਚ ਉਤਾਰਿਆ ਇਹ ਕੋਈ ਸਹਿਜ ਵਰਤਾਰਾ ਨਹੀਂ ਹੈ। ਮਹੀਨੇ-ਦਰ-ਮਹੀਨੇ, ਵੱਡੇ ਚੌਂਕੜੇ ਤੇ ਸੁਰਤੀ ਦੀ ਇਕਾਗਰਤਾ। ਇਸੇ ਇਕਾਗਰਤਾ ਵਿੱਚੋਂ ਹੀ ਤੇ ਇਸ ਪੁਸਤਕ ਦਾ ਜਨਮ ਹੋਇਆ ਜੋ ਹੁਣ 'ਅਣਕਹੀ ਕਵਿਤਾ' ਦੇ ਵਿਸ਼ੇ ਥੱਲੇ ਪ੍ਰਕਾਸ਼ਤ ਹੋਣ ਜਾ

ਹੈ। ਡਾ. ਜਗਜੀਤ ਸਿੰਘ ਚਿੱਤਰਕਾਰ ਨੇ ਡਾ. ਸੰਦੀਪ ਕੌਰ ਦੀ ਇਸ ਮਿਹਨਤ ਅਤੇ ਰਾਜ ਸਿੰਘ ਦੇ ਇਸ ਕਲਾਮ ਨੂੰ ਆਪਣੀ ਕਲਾਕਾਰੀ ਨਾਲ ਜੋ ਰੰਗ ਦਿੱਤਾ ਹੈ ਉਸਦੇ ਦੀਦਾਰੇ ਤੁਸੀਂ ਖ਼ੁਦ ਆਪਣੀਆਂ ਅੱਖਾਂ ਨਾਲ ਕਰ ਸਕਦੇ ਹੋ। ਮੈਨੂੰ ਮਾਣ ਹੈ ਕਿ ਇਹ ਦੋਵੇਂ ਮੇਰੇ ਵਿਦਿਆਰਥੀ ਹਨ ਤੇ ਮੈਨੂੰ ਇਨ੍ਹਾਂ ਤੇ ਬਾਹਲਾ ਫ਼ਖ਼ਰ ਹੈ। ਪੁਸਤਕ ਦੀ ਪ੍ਰਕਾਸ਼ਨਾ ਵਿੱਚ ਜਿਸ ਤਰ੍ਹਾਂ ਡਾ. ਸੰਦੀਪ ਕੌਰ ਤੇ ਡਾ. ਜਗਜੀਤ ਸਿੰਘ ਨੇ ਆਪਣੀ ਮਿਹਨਤ ਤੇ ਲਗਨ ਦਾ ਪ੍ਰਗਟਾਅ ਕਰ ਰਾਜ ਸਿੰਘ ਦੇ ਜਜ਼ਬਿਆਂ ਨੂੰ ਪਕੜ ਸਦੀਵੀ ਕਰ ਦਿੱਤਾ ਹੈ। ਉਸ ਦੀ ਭਰਪੂਰ ਪ੍ਰਸ਼ੰਸਾ ਕਰਨੀ ਬਣਦੀ ਹੈ। ਸ਼ਾਇਦ ਰਾਜ ਸਿੰਘ ਅਜਿਹਾ ਨ ਕਰਦਾ ਅਤੇ ਜੇਕਰ ਉਸਤੇ ਪੁਸਤਕ ਨੂੰ ਨ ਪ੍ਰਕਾਸ਼ ਕਰਨ ਬਾਰੇ ਸਵਾਲ ਕੀਤਾ ਜਾਂਦਾ ਤੇ ਇਹ ਸਵਾਲ ਉਸਦੇ ਬੇਲੀ ਜੱਸੀ, ਸਨੀ, ਤੇਜਿੰਦਰ ਸਿੰਘ, ਡਾ. ਮਾਨ, ਬੌਬੀ ਜਾਂ ਹੈਪੀ ਦੁਆਰਾ ਕੀਤਾ ਜਾਂਦਾ ਤਾਂ ਸ਼ਾਇਦ ਉਹ ਭਾਈ ਵੀਰ ਦੀ ਕਵਿਤਾ ਦਾ ਇਕ ਬੰਦ 'ਮੇਰੀ ਛੁਪੇ ਰਹਿਣ ਦੀ ਚਾਹ, ਛੁਪੇ ਤੁਰ ਜਾਣ ਦੀ' ਗੁਣ-ਗੁਣਾ, ਕਹਿੰਦਾ 'ਚਲੋ ਚਾਹ ਪੀਣ ਚੱਲੀਏ'।


**ਡਾ. ਸਰਬਜਿੰਦਰ ਸਿੰਘ**

ਪ੍ਰੋ.ਫ਼ੈਸਰ ਅਤੇ ਡੀਨ,

ਫੈਕਲਟੀ ਆਫ਼ ਹਿਊਮੈਨੀਟੀਜ਼ ਐਂਡ ਰਿਲੀਜ਼ੀਅਸ ਸਟੱਡੀਜ਼,

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

## ਉੱਠ ਸੰਭਲ ਖ਼ਿਆਲ ਹੋਸ਼ ਵਿਚਾਰ ਕਰ,
## ਕਿਸੇ ਦਾ ਪਰਛਾਵਾਂ ਉਧਾਰਾ ਲੈਣ ਤੋਂ ਪਹਿਲਾਂ।

ਧਰਮ ਦੀ ਵਿਦਿਆਰਥਣ ਹਾਂ, ਇਸ ਲਈ ਵਿਦਿਆਰਥੀ ਤੋਂ ਖੋਜਾਰਥੀ ਅਤੇ ਖੋਜਾਰਥੀ ਤੋਂ ਅਧਿਆਪਨ ਦੇ ਸਫ਼ਰ ਵਿੱਚ ਪੜ੍ਹਦੇ-ਪੜ੍ਹਾਉਂਦੇ ਮੇਰੀ ਇਹ ਸਮਝ ਦਾ ਹਿੱਸਾ ਤਾਂ ਹੋ ਗਿਆ ਸੀ ਕਿ ਸੰਸਾਰ ਵਿਚਲੇ ਧਰਮ-ਗ੍ਰੰਥਾਂ ਵਿੱਚ ਇਸ ਬ੍ਰਹਿਮੰਡ ਦੇ ਪਾਸਾਰੇ ਬਾਰੇ ਜੋ ਅੰਕਿਤ ਹੈ ਉਹ ਵੱਡੇ ਵੰਡ ਵਖਰੇਵਿਆਂ ਦੇ ਬਾਵਜੂਦ ਇੱਕ ਗੱਲ ਤੇ ਪੂਰਨ ਸਹਿਮਤੀ ਪ੍ਰਗਟਾਉਂਦੇ ਹਨ ਕਿ ਇਹ ਦਿਸ-ਹੱਦਾ ਸੰਸਾਰ ਅਕਾਲ ਪੁਰਖੀ ਬਖਸ਼ਿਸ਼ ਦਾ ਹਿੱਸਾ ਹੈ। ਜਦੋਂ ਉਸਦਾ ਦਿਲ ਕੀਤਾ, ਤਾਂ ਉਸਨੇ ਇਸਨੂੰ ਆਕਾਰ ਦੇ ਦਿੱਤਾ।

ਇਸ ਅਲੌਕਿਕ ਵਰਤਾਰੇ ਜਾਂ ਲੀਲਾ ਬਾਰੇ ਅਨੇਕਾਂ ਕਥਾ-ਕਹਾਣੀਆਂ ਅਸੀਂ ਹੁਣ ਤੱਕ ਪੜ੍ਹਦੇ-ਪੜ੍ਹਾਉਂਦੇ ਸੁਣਦੇ-ਸੁਣਾਉਂਦੇ ਆਏ ਹਾਂ। ਇਹ ਸਾਰਾ ਕੁਝ ਆਉਣ ਵਾਲੇ ਸਮਿਆਂ ਵਿੱਚ ਵੀ ਜਾਰੀ ਰਹਿਣਾ ਹੈ, ਇਸਦਾ ਮੈਨੂੰ ਪੂਰਨ ਅਹਿਸਾਸ ਹੈ। ਸੱਚ ਕੀ ਹੈ, ਇਸ ਅਬੁੱਝ ਬੁਝਾਰਤ ਨੂੰ ਤਾਂ ਇਸ ਪਾਸਾਰੇ ਦਾ ਕਰਤਾ ਆਪ ਹੀ ਬੁੱਝ ਸਕਦਾ ਹੈ ਕਿਉਂਕਿ ਮਨੁੱਖ ਦੀ ਐਨੀ ਸਮਰਥਾ ਨਹੀਂ ਹੈ ਕਿ ਉਹ ਇਸ ਰਹੱਸ ਤੋਂ ਕਦੇ ਪਰਦਾ ਉਠਾ ਸਕੇ। ਧਰਮ ਦੇ ਮਾਧਿਅਮ ਰਾਹੀਂ ਹੀ ਇਕ ਹੋਰ ਵਿਚਾਰ ਮਨੁੱਖੀ ਜਿਹਨ ਵਿੱਚ ਉਤਰਿਆ। ਇਹ ਵਿਚਾਰ ਨਿਰਾਲਾ ਵੀ ਹੈ ਅਤੇ ਵਿਲੱਖਣ ਵੀ। ਇਸੇ ਕਰਕੇ ਇਹ ਵੀ ਮਨੁੱਖ ਦੀਆਂ ਸਿਮਰਤੀਆਂ ਵਿੱਚ ਨਿਰੰਤਰ ਸਫ਼ਰ ਕਰ ਰਿਹਾ ਹੈ ਤੇ ਇਸਨੇ ਕਰਦੇ ਵੀ ਰਹਿਣਾ ਹੈ ਕਿ ਰੱਬ ਦੇ ਫ਼ਰਿਸ਼ਤੇ ਹੁੰਦੇ ਹਨ ਤੇ ਅਸਮਾਨਾਂ ਤੇ ਉਨ੍ਹਾਂ ਦਾ ਵਾਸਾ ਹੁੰਦਾ ਹੈ। ਅਕਾਲ ਪੁਰਖ ਨੇ ਉਨ੍ਹਾਂ ਦੇ ਕਰਤੱਵ ਆਪ ਹੀ ਨਿਰਧਾਰਿਤ ਕੀਤੇ ਹੁੰਦੇ ਹਨ ਅਤੇ ਉਹ ਪਰਮੇਸ਼ਵਰੀ ਆਦੇਸ਼ ਨਾਲ ਸਮੂਹ ਜਨ-ਮਾਨਸ ਦੇ ਭਲੇ ਲਈ ਕਾਰਜਸ਼ੀਲ ਰਹਿੰਦੇ ਹਨ। ਨਿਮਰਤਾ, ਨੇਕੀ, ਪਿਆਰ, ਸੱਚਾਈ, ਇਮਾਨਦਾਰੀ, ਸਰਬੱਤ ਦਾ ਭਲਾ ਆਦਿ ਦੈਵੀ ਗੁਣ ਉਨ੍ਹਾਂ ਨੂੰ ਗੁੜ੍ਹਤੀ ਵਿੱਚ ਹੀ ਮਿਲੇ ਹੁੰਦੇ ਹਨ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਕਦੇ-ਕਦਾਈਂ ਇਸ ਧਰਤਿ ਦੇ ਪਾਸਾਰੇ ਤੇ ਅਚਾਨਕ ਇਨ੍ਹਾਂ ਗੁਣਾਂ ਨਾਲ ਲਬਰੇਜ਼ ਕੁੱਝ ਰੂਹਾਂ ਦੇ ਦਰਸ਼ਨ ਮਨੁੱਖੀ ਜਾਮੇ ਵਿੱਚ ਤੁਹਾਨੂੰ, ਮੈਨੂੰ ਅਤੇ ਆਪਾਂ ਸਭ ਨੂੰ ਵੀ ਹੋ ਜਾਂਦੇ ਹਨ। ਤੁਸੀਂ ਦੋ ਪਲ ਲਈ ਤੇ ਹੈਰਾਨ ਵੀ ਹੋ ਜਾਂਦੇ ਹੋ, ਉਲਝਣ ਵਿੱਚ ਵੀ ਪੈ ਜਾਂਦੇ ਹੋ ਕਿਉਂਕਿ ਫ਼ਰਿਸ਼ਤਿਆਂ ਦੇ ਉਨ੍ਹਾਂ ਸਾਰੇ ਗੁਣਾਂ ਦੇ ਦਰਸ਼ਨ ਦੀਦਾਰੇ ਸਾਖ਼ਸ਼ਾਤ ਤੁਹਾਨੂੰ ਉਨ੍ਹਾਂ ਵਿੱਚ ਨਜ਼ਰ ਆਉਂਦੇ ਹਨ। ਇਹ ਵਰਤਾਰਾ ਅਕਸਰ ਸਮਝ ਤੋਂ ਪਰ੍ਹੇ ਹੋ ਜਾਂਦਾ ਹੈ, ਤੁਸੀਂ ਉਨ੍ਹਾਂ ਨੂੰ ਨਿਹਾਰਦੇ ਹੋ, ਉਨ੍ਹਾਂ ਦੇ ਕਾਰਜਾਂ ਨੂੰ ਦੇਖਦੇ ਹੋ ਤੇ ਫਿਰ ਖ਼ੁਦ ਆਪਣੇ-ਆਪ ਨੂੰ ਈ ਸਵਾਲ ਕਰਦੇ ਹੋ ਕਿ ਅਸਲ 'ਚ

ਇਹ ਫ਼ਰਿਸ਼ਤੇ ਹਨ ਜਾਂ ਮਨੁੱਖ।

ਜ਼ਿੰਦਗੀ ਦੇ ਰਾਹਾਂ ਤੇ ਚੱਲਦਿਆਂ ਕਦੇ ਨਾ ਕਦੇ ਇਹ ਸਭ ਕੁਝ ਅਸੀਂ ਸਾਰਿਆਂ ਨੇ ਹੀ ਦੇਖਿਆ ਹੈ, ਜੇ ਨਹੀਂ ਤਾਂ ਘੱਟੋ-ਘੱਟ ਸੁਣਿਆ ਤੇ ਜ਼ਰੂਰ ਹੈ। ਇਹੋ ਜਿਹੇ ਮਨੁੱਖ ਦੀ ਹੀ ਤੇ ਰਚਨਾ ਹੈ ਇਹ 'ਅਣਕਹੀ ਕਵਿਤਾ' ਤੇ ਉਸ ਵੱਡੇ ਭਾਅ ਜੀ ਦਾ ਨਾਮ ਤੁਸੀਂ ਪੁਸਤਕ ਤੋਂ ਪੜ੍ਹ ਹੀ ਲਿਆ ਹੋਵੇਗਾ 'ਰਾਜ ਸਿੰਘ ਭੰਡਾਲ'। ਇਨ੍ਹਾਂ ਨਾਲ ਮੇਰਾ ਰਿਸ਼ਤਾ ਤਾਂ ਡਾ. ਸਰਬਜਿੰਦਰ ਸਿੰਘ ਜੀ ਦੁਆਰਾ ਪੁਸਤਕ ਬਾਰੇ ਲਿਖੇ ਵਿਸਥਾਰਤ ਸ਼ਬਦਾਂ ਵਿੱਚੋਂ ਤੁਸੀਂ ਪੜ੍ਹ ਹੀ ਲਿਆ ਹੋਵੇਗਾ। ਮੈਂ ਜੇਕਰ ਪੁਨਰ ਜ਼ਿਕਰ ਕਰਾਂ ਤਾਂ ਇਹ ਦੁਹਰਾਓ ਵਾਲੀ ਸਥਿਤੀ ਪੈਦਾ ਹੋ ਜਾਵੇਗੀ। ਹਾਂ, ਇਹ ਸੱਚ ਹੈ ਕਿ ਫ਼ਰਿਸ਼ਤਿਆਂ ਵਾਲੇ ਸਾਰੇ ਗੁਣਾਂ ਨਾਲ ਲਬਰੇਜ਼ ਇਹ ਰੂਹ ਮੇਰੇ ਵੱਡੇ ਸਤਿਕਾਰ ਦੀ ਪਾਤਰ ਹੈ। ਮੈਨੂੰ ਇਨ੍ਹਾਂ ਵਿੱਚੋਂ ਕਦੇ ਆਪਣੇ ਬਾਪ ਦੇ ਦੀਦਾਰੇ ਹੁੰਦੇ ਹਨ ਤੇ ਕਦੇ ਵੱਡੇ ਭਰਾ ਦੇ। ਜੋ ਨਿੱਘ ਤੇ ਹੁਲਾਸ ਇਨ੍ਹਾਂ ਦੇ ਸ਼ਬਦਾਂ ਵਿੱਚ ਹੈ, ਉਹ ਮੈਨੂੰ ਤਾਕਤ ਦਿੰਦਾ ਹੈ ਉਸੇ ਤਾਕਤ ਜਾਂ ਊਰਜਾ ਦੇ ਬਲਬੂਤੇ ਹੀ ਮੈਂ ਭਾਅ ਜੀ ਨੂੰ ਮਨਾ ਸਕੀ ਸੀ ਕਿ ਆਪਣੇ ਕਲਾਮ ਦੀਆਂ ਆਡੀਓ ਰਿਕਾਰਡਿੰਗਜ਼ ਮੈਨੂੰ ਭੇਜ ਦੇਣ। ਹਾਲਾਂਕਿ ਮਨਾਉਣ ਲਈ ਗੁੱਸੇ-ਗ਼ਿਲੇ ਤੇ ਨਿਹੋਰੇ ਮਾਰਨੇ ਪਏ, ਪਰੰਤੂ ਸਫ਼ਲਤਾ ਮੇਰੇ ਹੱਥ ਲੱਗੀ ਤੇ ਜੋ ਮੈਨੂੰ ਮਿਲਿਆ ਉਹ ਮੈਂ ਕਾਗਜ਼ਾਂ ਤੇ ਉਤਾਰ ਛਾਪਣ ਦੀ ਪ੍ਰਵਾਨਗੀ ਭਾਅ ਜੀ ਕੋਲੋਂ ਲੈ ਲਈ ਸੀ। ਹਾਂ, ਇਹ ਵੀ ਸੱਚ ਹੈ ਕਿ ਇਸ ਲਈ ਜਿਸ ਨਾਰਾਜ਼ਗੀ ਤੇ ਗੁੱਸੇ ਨੂੰ ਮੈਂ ਮੁੱਲ ਜ਼ਰੂਰ ਲਿਆ ਸੀ ਤੇ ਉਹ ਮੈਨੂੰ ਲੈਣਾ ਹੀ ਪੈਣਾ ਸੀ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਅੱਜ 'ਅਣਕਹੀ ਕਵਿਤਾ' ਤੁਹਾਡੇ ਹੱਥਾਂ ਵਿੱਚ ਕਿਵੇਂ ਹੁੰਦੀ ਪਰ ਇੱਥੇ ਇੱਕ ਗੱਲ ਹੋਰ ਮੈਂ ਕਹਾਂਗੀ ਕਿ ਜੇਕਰ ਮੇਰਾ ਛੋਟਾ ਵੀਰ ਜਗਜੀਤ ਸਿੰਘ ਇਸ ਪੁਸਤਕ ਨੂੰ ਤਿਆਰ ਕਰਵਾਉਣ ਵਿੱਚ ਮੇਰਾ ਮੱਦਦਗਾਰ ਨਾ ਹੁੰਦਾ ਤਾਂ ਇਸ ਦਾ ਰੂਪ ਅਜਿਹਾ ਨਾ ਹੁੰਦਾ ਇਹ ਮੈਨੂੰ ਅਹਿਸਾਸ ਹੈ। ਪੁਸਤਕ ਦੀ ਅਦਭੁੱਤ ਦਿੱਖ ਵਿੱਚ ਕੁਲ ਯੋਗਦਾਨ ਇਸਦਾ ਹੀ ਹੈ। ਇਸ ਲਈ ਛੋਟਾ ਹੋਣ ਦੇ ਬਾਵਜੂਦ ਮੈਂ ਇਸ ਪ੍ਰਤੀ ਆਭਾਰ ਪ੍ਰਗਟ ਕਰਦੀ ਹਾਂ।

**ਡਾ. ਸੰਦੀਪ ਕੌਰ**
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

## ਬੇਹੋਸ਼ੀ 'ਚੋਂ ਉੱਠ ਸ਼ੀਸ਼ੇ ਦੇ ਅੱਗੇ ਜਾ ਖੜ੍ਹਦਾ ਹਾਂ
## ਮੈਂ ਆਪਣੇ ਪਰਛਾਵੇਂ ਦੀਆਂ ਅੱਖਾਂ ਨੂੰ ਪੜ੍ਹਦਾ ਹਾਂ।

ਕਲਾਮ ਨੂੰ ਅੱਖਰਾਂ ਵਿੱਚ ਉਤਾਰਨਾ, ਕਲਾਮ ਨੂੰ ਸੁਰ ਬੱਧ ਕਰਨਾ ਤੇ ਕਲਾਮ ਦੀਆਂ ਰਮਜ਼ਾਂ, ਇਹ ਸਾਰਾ ਕੁਝ ਬਹੁਤ ਹੀ ਵਚਿੱਤਰ ਖੇਡ ਹੈ। ਜੇ ਮੈਂ ਇਹ ਕਹਾਂ ਕਿ ਇਹ ਸਮਝ ਤੋਂ ਪਾਰ ਦੀ ਗੱਲ ਹੈ ਤਾਂ ਇਸਨੂੰ ਅਤਿ ਕਥਨੀ ਨਾ ਸਮਝਣਾ। 'ਅਣਕਹੀ ਕਵਿਤਾ' ਦੀ ਕਲਮ ਤੇ ਕਲਾਮ ਵਿੱਚੋਂ ਕੁਝ ਇਹੋ ਜਿਹਾ ਹੀ ਪ੍ਰਗਟ ਹੁੰਦਾ ਹੈ। ਮੈਂ ਮਹਿਸੂਸ ਵੀ ਕੀਤਾ ਤੇ ਨਜ਼ਰੀਂ ਵੀ ਆਇਆ।

ਐਨੇ ਗੂੜ੍ਹ ਰੰਗ ਵਾਲੇ ਕਲਾਮ ਨੂੰ ਸ਼ਬਦਾਂ ਵਿੱਚ ਢਾਲਣ ਵਾਲਾ ਵੀ ਐਨਾ ਗੂੜ੍ਹ ਹੈ ਜਾਂ ਨਹੀਂ ਮੈਨੂੰ ਇਸ ਬਾਰੇ ਬਿਲਕੁਲ ਪਤਾ ਨਹੀਂ ਹੈ ਕਿਉਂਕਿ ਮੈਂ ਸਿਰਫ਼ ਕਲਾਮ ਵੇਖਿਆ ਹੈ ਕਲਮ ਵਾਲਾ ਨਹੀਂ। ਇਸ ਲਈ ਮੇਰਾ ਸਥਾਨ 'ਦ੍ਰਿਸ਼ਟਾ' ਵਾਲਾ ਹੈ। ਮੈਨੂੰ ਮੇਰੇ 'ਵਿਦਿਅਕ ਗੁਰਦੇਵ' ਨੇ ਇਸਦੀ ਰਮਜ਼ ਨੂੰ ਫੜ, ਇਸ ਨੂੰ ਰੰਗਾਂ ਰਾਹੀਂ ਰੂਪਮਾਨ ਕਰਨ ਦਾ ਹੁਕਮ ਸਾਦਰ ਕੀਤਾ, ਫਿਰ ਭਲਾ ਨਾਂਹ ਕਿਵੇਂ ਕਰ ਸਕਦਾ ਸੀ, ਹੁਕਮ ਦੀ ਪਾਲਣਾ ਕੀਤੀ। ਕਲਾਮ ਦੀ ਉਡਾਨ ਐਨੀ ਉੱਚੀ ਤੇ ਪਾਕੀਜ਼ਗੀ ਵਾਲੀ ਹੈ ਕਿ ਕਈ ਕਈ ਵਾਰ ਇਕ ਰਚਨਾ ਨੂੰ ਹੀ ਪੜ੍ਹਨਾ ਪਿਆ। ਜੋ ਵੀ ਹੈ ਉਹ ਤੁਹਾਡੇ ਸਾਹਮਣੇ ਹੈ। ਵੇਖਣਾ ਜ਼ਰੂਰ ਪੜ੍ਹਨਾ ਜ਼ਰੂਰ, ਨੀਝ ਦੀ ਐਨਕ ਲਾ। ਅਗੰਮੀ ਆਨੰਦ 'ਚ ਉਤਰੋਂਗੇ ਮੈਂ ਭਰੋਸਾ ਦਿਵਾਉਂਦਾ ਹਾਂ। ਬਹੁਤ-ਬਹੁਤ ਸਤਿਕਾਰ ਅਤੇ ਪਿਆਰ ਇਸ ਕਲਾਮ ਦੇ ਸਿਰਜਕ ਨੂੰ ਤੇ ਆਪਣੇ ਵਿਦਿਅਕ ਗੁਰੂ ਜੀ ਨੂੰ।

**ਡਾ. ਜਗਜੀਤ ਸਿੰਘ**
ਪਬਲੀਕੇਸ਼ਨ ਬਿਊਰੋ,
ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

# ਅਣਕਹੀ ਕਵਿਤਾ

# ਤਤਕਰਾ


| | | |
|---|---|---|
| 1. | ਸੁੰਨ ਧੁੰਨ | 22 |
| 2. | ਮਨ ਪਰਿਪੇਖ | 24 |
| 3. | ਗੀਤ | 26 |
| 4. | ਬਖਸ਼ਿਸ਼ | 28 |
| 5. | ਮਨ ਦੀ ਬਉਲੀ | 30 |
| 6. | ਪੰਨਾ ਸਵਾਲ ਪੁੱਛਦਾ ਹੈ | 32 |
| 7. | ਹੱਕੇ ਬੱਕੇ | 34 |
| 8. | ਸ਼ੀਸ਼ੇ ਦੇ ਦੇਸ਼ | 36 |
| 9. | ਇਸ਼ਾਰਾ | 38 |
| 10. | ਹੋਸ਼ ਬੇਹੋਸ਼ | 40 |
| 11. | ਦਰਵਾਜ਼ੇ ਤੇ ਖਟ ਖਟ | 42 |
| 12. | ਤੇ ਹੋਰ ਕੀ | 44 |
| 13. | ਨਾੜੂਆ | 46 |
| 14. | ਚਾਹੀ ਮੌਤ ਦਾ | 48 |
| 15. | ਪ੍ਰੀਤ ਦਾ ਸੁਨੇਹਾ | 50 |
| 16. | ਇਕ ਦੂਜੇ ਨੂੰ | 52 |
| 17. | ਐਨੀ ਕੁ ਬਾਤ | 54 |
| 18. | ਮੈਂ ਸ਼ੀਸ਼ਾ | 56 |
| 19. | ਸਮਰਪਣ ਕਰਦੇ | 58 |
| 20. | ਖ਼ੁੱਦ ਵਿੱਚ ਸਮਾ ਰਿਹਾ | 60 |
| 21. | ਕਵਾੜ ਪਾਟੇ | 62 |
| 22. | ਹਸਤੀ ਨਾਲ ਜੰਗਾਂ | 64 |
| 23. | ਕਦੇ ਸਾਹਾਂ ਨੂੰ | 66 |
| 24. | ਚੁੱਪਚਾਪ ਸੁਣਾ | 70 |
| 25. | ਉਸਦੇ ਆਣ ਤੋਂ ਪਹਿਲਾਂ | 72 |
| 26. | ਤੇਰੀ ਹੀ ਤੋਰ | 74 |
| 27. | ਤੂੰ ਆਪੇ ਪ੍ਰਗਟ ਹੋ | 76 |

28. ਥਰਕਦੀ ਯਰਕਦੀ 78
29. ਆ ਜਾ ਮੈਂ ਤੈਨੂੰ ਸਮੁੰਦਰ ਕਰਦਾਂ 80
30. ਜੈਕਾਰਾ ਗਜ਼ਾਵੇ ਨਿਹਾਲ ਹੋ ਜਾਵੇ 82
31. ਸ਼ੀਸ਼ੇ ਦੇ ਅੱਗੇ 84
32. ਭਾਣੇ ਵਿੱਚ ਰਹਿੰਦਾ 86
33. ਸਿਰੜਾਂ ਦਾ ਮੀਹ 88
34. ਸ਼ਹੀਦਾਂ ਨਾਲ ਮੁਲਾਕਾਤ 90
35. ਤੇਰੀ ਹੋਂਦ ਦੇ 92
36. ਮੈਨੂੰ ਬਖਸ਼ਦੇ 94
37. ਜਾਗੇ ਜਾਂ ਸੁੱਤੇ 96
38. ਜਿੰਨਾ ਕੁ ਭਾਂਡਾ ਬਖਸ਼ਿਆ 98
39. ਮੈਂ ਮੈਂ ਨੂੰ ਮੁਕਾ ਕੇ 100
40. ਕਦੇ ਐਈਂ ਕਦੇ ਊਈਂ 102
41. ਸਵਾਲ ਇਕੋ ਕੁੱਲ 104
42. ਇਹ ਹਉਮੈ ਦੀ ਢੇਰੀ 106
43. ਰੰਗ ਨਕਸ਼ਾ ਕੀ ਹੋਊ 108
44. ਇਹ ਹਿਸਾਬ ਕੌਣ ਰੱਖੇਗਾ 110
45. ਹਉਮੈ ਖ਼ੁਰੀ 112
46. ਉਹ ਕੀ ਤੇ ਕੀ ਲਿਖਿਆ 114
47. ਮੈਂ ਤੇ ਮੇਰੀ ਸੋਚ 116
48. ਮੇਰੀ ਮਾਂ 118
49. ਮੇਰੀ ਰੂਹ ਦੀ ਪਰਵਾਜ਼ 120
50. ਦੋ ਰੂਹਾਂ ਦਾ ਵਾਸਾ 122

# ਸੁੰਨ ਧੁੰਨ

ਤੁਰ ਪਏ ਹਾਂ,
ਸੁਰਤ ਜੋੜ ਪਰ੍ਹਲੇ ਦੇਸ਼ ਨੂੰ।
ਰੋਸ਼ਨੀਆਂ ਦਾ ਮੇਲਾ,
ਕੌਣ ਪੁੱਛਦਾ ਹੈ ਭੇਸ ਨੂੰ।

ਨਖ਼ਰਾ, ਸੈਨਤ, ਖੁਸ਼ਬੂ,
ਗਰਮੀ, ਸਰਦੀ, ਗੁਲ ਵਿਗੁਤੇ।
ਯਾਦਾਂ, ਕਿੱਸੇ, ਬੋਲੀ,
ਖੁਸ਼ੀ, ਗ਼ਮੀ, ਗ਼ਮ ਵਿਗੁੱਚੇ।

ਰੋਸ਼ਨੀ ਰੋਸ਼ਨੀ...
ਚਿੱਟੀ ਕਪਾਹ ਦਾ ਰੁੱਗ ਜੇਹਾ।

ਕਾਲੀਆਂ ਹਨੇਰੀਆਂ...
ਵੱਸਦਾ ਹੈ ਘੁੱਗ ਜੇਹਾ।
ਸੁੰਨ, ਧੁੰਨ
ਹਰ ਜੁਗ ਜੇਹਾ।



# ਮਨ ਪਰਿਪੇਖ

ਮਨ , ਪਰਿਪੇਖ ਦੇ ਖੂਹ ਦੀ ਮੌਣ ‘ਤੇ ਬੈਠਾ ਪਰਛਾਵਾਂ ਤੱਕਦਾ।
ਰਵਸ਼ ਦੇ ਕੱਪੜੇ ਭਿੱਜਣ ਨਾ, ਸਮੁੰਦਰ ਛੋਹਣ ਤੋਂ ਜੱਕਦਾ।

ਹੌਂਸਲਾ ਕਰ ਹਉਮੈਂ ਦੇ ਬਲਦ ਨੂੰ, ਚੇਤਨ ਦੀ ਗਾਧੀ ਨਾਲ ਜੋੜਦਾ।
ਗੁੱਝੇ ਆਵੇਸ਼, ਅਵਚੇਤਨ ਦੀਆਂ ਟਿੰਡਾਂ, ਭਰਨੇ ਲੋੜਦਾ।

ਕੱਤ ਘੁੰਮਦੀਆਂ ਟਿੰਡਾਂ ਨੇ, ਆਸਾਂ ਦਾ ਪਾਛੜਾ ਭਰਨੈ।
ਨਾ ਮਾਲੂਮ ਪਵਾ ਖੋਂਪੇ, ਹਨੇਰੇ ਦੇ ਜੰਗਲ ਵਿੱਚ ਤਰਨੈ।

ਤੋੜਦੀ ਹੈ ਗਲ਼ ਵਿੱਚ ਪਈ ਟੱਲੀ ਦੀ ਨਾਦ, ਸਮਾਧੀ ਮੇਰੀ ਨੂੰ।
ਤੁੜਾ ਰੱਸਾ ਟਪੂਸੀ ਮਾਰ ਚੜ੍ਹ, ਖੂਹ ਤੇ ਹੈਵਾਨ ਉਡੀਕੇ ਹੱਲਾਸ਼ੇਰੀ ਨੂੰ।

ਵਜੂਦ, ਮਤਰੇਈ ਕਦਰਾਂ-ਕੀਮਤਾਂ ਦੇ ਨਕਸ਼ ਲਾਹ, ਛਾਲ ਮਾਰਦਾ।
ਬਘਿਆੜ, ਭੇੜੀਏ, ਬਿੱਛੂ ਤੇ ਸੱਪ ਦੀ ਸੰਗਤ ਨੂੰ ਤਾੜਦਾ।

ਘੁੰਮਣਘੇਰੀ ਵਿੱਚ ਹਾਲੇ ਪਤਾ ਨੀ,
ਕਿੰਨੀ ਵਾਰ ਗਿੜਨਾ, ਰਿੜਕਨਾ ਤੇ ਭਰਨਾ ਹੈ।
ਸਵੈ-ਬੋਧ ਤਾਈਂ ਸਿਦਕ ਪਰਵਾਜ਼ ਥੰਮਣੋਂ,
ਸਲੀਕੇ ਦੀ ਚਾਦਰ ਤਣਨਾ ਹੈ...



# ਗੀਤ

ਆਪਹੁੰਚ, ਅਣਦਿੱਖ, ਅਣਕਿਆਸੇ ਦੁਰਗਮ ਖੰਡ ਵਿੱਚ,
ਧਿਆਨ, ਸਮਾਧੀ, ਲਿਵ ਚਿੰਤਨ ਦੇ ਰੰਗ ਵਿੱਚ,

ਇੱਕ ਸੁਲਗਦਾ ਗੀਤ ਪਿਆ।

ਬੀਜ ਬਣ ਕਵਿਤਾ ਦੇ ਗਰਭ ਵਿੱਚ ਇੱਕ ਸ਼ਬਦ ਧੜਕਦਾ,
ਸੂਖ਼ਮ ਨਕਸ਼ਾਂ ਦੀ ਬਣਾ ਢੇਰੀ ਵਿੱਚ ਇੱਕ ਕੋਮਲ ਨਾਦ ਥੜਕਦਾ।

ਵਾਕ ਬਣ ਰਹੇ ਸੁਪਨੇ ਪਿਆਸ ਤਲ਼ਬ ਜਗ ਪਈ,
ਰਿੜ੍ਹਨਾ, ਖੜ੍ਹਨਾ, ਤੁਰਨਾ, ਭੱਜਣ-ਕੱਜਣ ਲੱਗ ਗਈ।

ਸਾਦਗੀ ਦੀ ਤੋਰ ਤੇ ਹਲੀਮੀ ਦੀ ਅਦਾ,
ਮਿਲਣੇ ਦੀ ਤਾਂਘ ਤੇ ਵੈਰਾਗ ਦੀ ਸਦਾ।

ਕਵਿਤਾ ਬਣ ਉੱਠੀ ਤੇ ਉੱਠਦੀ ਹੀ ਬਹਿ ਗਈ,
ਸੁਪਨਾ, ਬੁਲਬੁਲਾ ਬਣ ਫ਼ਾਨੀ ਜਲ ਤਰੰਗ ਵਹਿ ਗਈ।



# ਬਖ਼ਸ਼ਿਸ਼

ਅਸੀਮ ਬਖਸ਼ਿਸ਼ ਜਾਂ ਇਨਾਇਤ ਕੋਈ,
ਪਾਕ ਸੀਰਤ ਨਦਰ ਹੋਈ।

ਦਿਲ ਦੇ ਵਿਹੜੇ, ਇੱਕ ਨੂਰ ਇੱਕ ਛਾਂ ਆ ਗਈ,
ਕਲੇਜੇ ਵਸੇ ਪੰਛੀ ਵਿੱਚ, ਮੇਰੀ ਜਾਨ ਆ ਪਈ।

ਮੈਂ ਪੁੱਛਦਾ ਹਾਲ ਉਹ ਮਾਸੂਮ ਲਹਿਜੇ ਸਾਦਗੀ ਨਾਲ ਬੋਲਦੀ,
ਉਹ ਆਪਣੇ ਖ਼ਾਬ ਬੇਲੋਸ ਮੁਹੱਬਤ ਸਹਿਜ ਨਾਲ ਖੋਲ੍ਹਦੀ।

ਉਸ ਦੀਆਂ ਅੱਖਾਂ ਦੀ ਤੱਕਣੀ ਵਿੱਚ ਇੱਕ ਕੋਮਲ ਖ਼ਿਆਲ ਜਿਹਾ,
ਦਰੱਖ਼ਤ ਤੇ ਜੜ੍ਹ ਦਾ ਰਿਸ਼ਤਾ ਪੁੱਛ ਅਡੋਲ ਸਵਾਲ ਜਿਹਾ।

ਉਹ ਮੇਰੀਆਂ ਹਸਰਤਾਂ ਦਾ ਧੜਕਦਾ ਭੇਦ ਜਾਣਦੀ,
ਉਹ ਤਿਤਲੀਆਂ ਬੋਟਾਂ ਤੇ ਮਾਂ ਦੀ ਲੋਰੀ ਦੇ ਹਾਣਦੀ।



# ਮਨ ਦੀ ਬਊਲੀ

ਉਸਦੀ ਯਾਦ ਆਈ, ਯਕਲਖ਼ਤ, ਮੈਂ ਆਪਣੇ ਮਨ ਦੀ ਬਉਲੀ ਵਿੱਚ,
ਸੁਪਨਿਆਂ ਤਰੰਗਾਂ ਦਾ ਇੱਕ ਦੀਵਾ ਤਾਰਿਆ।

ਦਿਲ ਦੀਆਂ ਕੰਧਾਂ ਹੋ ਰੋਸ਼ਨ ਜਗ ਉੱਠੀਆਂ, ਉਸਨੇ ਡੂੰਘਾਈ ਵਿੱਚ,
ਨੰਗੀਆਂ ਆਸਾਂ ਦਾ ਭਖ਼ਦਾ ਅਕਸ ਵਾਰਿਆ।

ਮੈਂ ਸਵਾਸਾਂ ਦੀਆਂ ਅਦਿੱਖ਼ ਪੌੜੀਆਂ ਤੇ ਬੈਠਾ, ਛੋਹਦਾ, ਤੱਕਦਾ,
ਤਰਦੇ, ਮੱਘਦੇ, ਜਗਦੇ ਰੂਪਮਾਨ ਸੁਪਨੇ ਸਾਕਾਰ ਨੂੰ।

ਖ਼ਿਆਲਾਂ ਦੇ ਮੁਖ ਤੇ ਇੱਕ ਸੂਰਜ ਜਗਿਆ, ਚਾਨਣ ਛੋਹੇ ਚੁੰਮੇ,
ਧਰਤੀ ਛੁਪ ਮਿੱਠੀ ਨੁਹਾਰ ਦੇ ਪਿੰਡੇ ਆਕਾਰ ਨੂੰ।

ਬੇਸੁਰਤ ਨੀਂਦ ਦੀ ਖਿੜਕੀ ਖੁੱਲ੍ਹੀ ਉਹ ਬੁੱਲਾ ਬਣਕੇ,
ਮਹਿਕਾਂ ਖ਼ਲੇਰਦੀ, ਸੁਰਤਿ ਕਾਇਨਾਤ ਵਿੱਚ ਸਮਾ-ਰਮਾ ਗਈ।

ਰੂਹ ਦੇ ਰੋਮ-ਰੋਮ ਵਿੱਚ ਹਰਕਤ ਥਰਥਰਾਹਟ ਬੇਚੈਨੀ,
ਉਹ ਇੱਕ ਇੱਕ, ਇੱਕ ਇੱਕ ਤਾਰ, ਹਿਲਾ ਗਈ।



# ਪੰਨਾ ਸਵਾਲ ਪੁੱਛਦਾ ਹੈ

ਖ਼ਿਆਲਾਂ ਦੇ ਸਮੁੰਦਰਾਂ ਵਿੱਚੋਂ ਨਿੱਘੇ ਸ਼ਬਦਾਂ ਦੇ ਨੀਰ,
ਉੱਠ ਗੂੜੇ ਅੰਬਰਾਂ ਦੇ ਅਦ੍ਰਿਸ਼ਟ ਮੰਡਲਾਂ ਨੂੰ ਕਦੋਂ ਚੁੰਮਣਗੇ?

ਪੰਨਾ ਸਵਾਲ ਪੁੱਛਦਾ ਹੈ...

ਹਿਰਦੇ ਵਿੱਚ ਗੁਪਤ ਪੰਛੀਆਂ ਦੀਆਂ ਡਾਰਾਂ ਉੱਠ ਜਿਉਂਦੇ ਵਾਕ ਬਣ,
ਕਦੋਂ ਲੈ ਸੁਰ ਨਾਦ ਵਿਸਮਾਦੀ ਰਾਗਾਂ ਵਿੱਚ ਝੂਮਣਗੇ?

ਪੰਨਾ ਸਵਾਲ ਪੁੱਛਦਾ ਹੈ...

ਨੀਂਦ ਵਿੱਚ ਠਹਿਰੇ ਜਜ਼ਬਾਤ ਕਦੋਂ ਉੱਠ ਚੜਦੀ ਕਵਿਤਾ ਦੀ,
ਸਤਰੰਗੀ ਪੀਂਘ ਚੜ੍ਹ ਆਪਾ ਖ਼ੁਦੀ ਨੂੰ ਭੁੱਲਣਗੇ?

ਪੰਨਾ ਸਵਾਲ ਪੁੱਛਦਾ ਹੈ...

ਖ਼ਾਮੋਸ਼ ਸ਼ੀਸ਼ੇ ਨੇ ਕਿਵੇਂ ਕੋਰੀ ਸਖ਼ਣੀ ਜ਼ਿਲਦ ਨੂੰ ਪੜ੍ਹਿਆ,
ਉੱਠ ਨਕਸ਼ ਬੈਠ ਉਹ ਮਹਿਕ, ਵਾਸ਼ਨਾ, ਸੁਗੰਧੀ ਸੁਗੰਣਗੇ?

ਪੰਨਾ ‘ਜਵਾਬ’ ਮੰਗਦਾ ਹੈ...



# ਹੱਕੇ ਬੱਕੇ

ਸੁੱਤੇ ਹੋਏ ਪੰਨੇ ਨੂੰ ਛੋਹਾਂ, ਤਾਂ ਰੂਹ ਪੈਂਦੀ।
ਨਕਸ਼ਾਂ ਦੀ ਅੰਗੜਾਈ ਵਿੱਚ, ਉੱਠ ਕਵਿਤਾ ਧੂਹ ਲੈਂਦੀ।

ਅੱਖਰ ਬਿਖ਼ਰੇ ਨੇ, ਉਹਦੇ ਸ਼ਬਦਾਂ ਵਿੱਚ ਜੰਗਾਂ ਨੇ।
ਉਹਨੇ ਵਾਕਾਂ ਬਣ ਉੱਠਣਾ, ਲਾਲੀ ਗਲ਼ਾਂ ਤੇ ਰੰਗਾਂ ਨੇ।

ਅੱਧ ਸੁੱਤੀ ਬੋਲੇ ਵੇ, ਉਹਨੇ ਹਯਾ ਦੀ ਚਾਦਰ ਪਾਈ ਵੇ।
ਕਵਿਤਾ ਇੱਕ ਟੁੱਕ ਦੇਖੇ, ਅਰਮਾਨਾਂ ਟਿਕ ਟਿਕੀ ਲਾਈ ਵੇ।

ਉਹਦੇ ਭੋਲ਼ੇ ਮੁੱਖੜੇ ‘ਤੇ, ਸ਼ਰਮਾਂ ਤੇ ਹਾਸੇ ਨੇ।
ਸੰਗਾਂ ਦੇ ਨੈਣ ਭਰ, ਉਹ ਨਸ਼ਿਆਂ ਦੇ ਕਾਸੇ ਨੇ।

ਉਹਨਾਂ ਪਰਗਟ ਹੋਣਾ ਹੈ, ਜਾਂ ਖ਼ੁਦ ਨੂੰ ਸਮਾਉਣਾ ਹੈ।
ਲੀਕਾਂ ਤੇ ਝਰੀਟਾਂ ਵਾਹ, ਅਸੀਂ ਪੰਨਾ ਚਮਕਾਉਣਾ ਹੈ।

ਉਹ ਵਲ਼ ਦਰਿਆ ਵਹਿੰਦੀ, ਉਹਨੇ ਤੋੜੇ ਨੱਕੇ ਵੇ।
ਉਸ ਸਮੁੰਦਰੀਂ ਜਾ ਮਿਲਣਾ, ਕੰਢੇ ਦੇਖਣ ਕੰਢੇ, ਹੱਕੇ ਬੱਕੇ ਵੇ।



# ਸ਼ੀਸ਼ੇ ਦੇ ਦੇਸ਼

ਮੈਨੂੰ ਕਿਸੇ ਤੋਂ ਕੋਈ ਆਸ, ਝਾਤ, ਤਵਕੋਂ ਨਹੀਂ,
ਨਾ ਸਮਝੀਂ ਲਾਚਾਰ ਮਾਯੂਸ ਬੇ ਆਸਾ ਹਾਂ।

ਕਾਗਜ਼ੀ ਕੂੜੇ ਦੇ ਢੇਰ, ਇੱਟਾਂ ਦੇ ਪਰਬਤ! ਸਭ ਬੇ ਮਾਨੀ,
ਤੈਨੂੰ ਕੀ ਦੱਸਾਂ? ਕਿਸ ਚਿਣਗ ਦਾ ਪਿਆਸਾ ਹਾਂ?

ਖ਼ਾਰੇ ਸਮੁੰਦਰਾਂ ਦੀ ਦੁਨੀਆਂ, ਮੇਰੀ ਪਿਆਸ ਨਹੀਂ ਬੁਝਦੀ।
ਵਰਖਾ ਅੰਮ੍ਰਿਤ ਦੀ ਜਿਥੇ, ਓਥੇ ਸੋਚ ਨਹੀਂ ਪੁੱਜਦੀ।

ਮੇਰਾ ਖ਼ੁਦ ਖ਼ੁਦੀ ਨੂੰ ਸਵਾਲ ਹੈ।
ਮਾਮੂਲੀ ਤਜ਼ਰਬਾ, ਪਰ ਸਮੁੰਦਰ ਜੇਹਾ ਖ਼ਿਆਲ ਹੈ।

ਫ਼ੇਰ ਉੱਠਦਾ, ਕੇਸਾਂ ਨੂੰ ਕੰਘੀ ਵਾਹ-ਵਲੇਟ ਸਵਾਰਦਾ।
ਹੁਣ ਤਾਈਂ ਕੀ ਸਿੱਖਿਆ, ਸ਼ੀਸ਼ੇ ਵਿਚ ਖ਼ੁਦ ਨੂੰ ਨਿਹਾਰਦਾ।

ਅੱਧਾ ਸਫ਼ਰ ਮੁੱਕਿਆ ਹਾਲੇ ਅੱਧੀ ਵਾਟ ਮੁੱਕਣੀ ਹੈ।
ਮੇਰੇ ਅੱਖਾਂ ਦੀ ਜੋਤ ਬੁੱਲ੍ਹਾਂ ਦੀ ਨਮੀ ਸੁੱਕਣੀ ਹੈ।

ਮੈਂ ਦੇਖਦਾਂ, ਮੇਰੇ ਬੁੱਢੇ ਪਿੱਪਲ ਦਾ ਖੋਖਲਾ ਹੁੰਦਾ ਕੱਦ ਘੱਟਦਾ ਜਾ ਰਿਹਾ
ਮੈਂ ਜਿਸ ਥਾਂ ਥੱਲੇ ਬੈਠ ਖੇਡਾਂ ਖੇਡੀਆਂ, ਉਹ ਸਾਇਆ ਵੱਟਦਾ ਜਾ ਰਿਹਾ।

ਡਿੱਗਦੇ ਪੱਤੇ ਦੇਖ ਹੋਸ਼ ਕਰ, ਤੂੰ ਸੁਣਿਆ ਜੋ ਉਹ ਬੁੜਬੁੜਾ ਰਿਹਾ
ਕੱਲ ਸ਼ੀਸ਼ੇ ਦੇ ਦੇਸ਼ ਜਾਣਾ, ਸਾਹਮਣੇ ਜਿਸਦੇ ਜੱਗ ਰੁੜ੍ਹ ਰੁੜ੍ਹਾ ਰਿਹਾ।



# ਇਸ਼ਾਰਾ

ਜਿਹਨੂੰ ਅਸੀਂ ਆਖਦੇ ਟੁੱਟਦਾ ਤਾਰਾ,
ਕਿਤੇ ਉਹ ਮਾਂ ਦੀ ਝੋਲੀ ਵਿੱਚ ਜਨਮੀ ਦਾਤ ਤਾਂ ਨਹੀਂ?

ਨਾੜੂਏ ਤੋਂ ਅਲੱਗ ਹੋ, ਵਿਰਲਾਪ ਦੀ ਚੀਖ਼,
ਕਿਤੇ ਉਹ ਇੱਕ ਦੀ ਹਜ਼ੂਰੀ ਵਿੱਚ ਵਿਛੜਨ ਦਾ ਜਾਪ ਤਾਂ ਨਹੀਂ?

ਇਹ ਜਿਹੜੇ ਅਣਜਾਣ ਰਾਹਾਂ ਵਿੱਚ ਮਿਲ ਕੇ ਗਵਾਚ ਜਾਂਦੇ ਨੇ,
ਕਿਤੇ ਅਣਕਹੀ ਕਵਿਤਾ ਦਾ ਕੋਈ ਅੰਤਲਾ ਵਾਕ ਤਾਂ ਨਹੀਂ?

ਇਹ ਸ਼ਬਦਾਂ ਦੇ ਲੜਾਕੇ, ਇਹ ਜੀਭ ਵਿੱਚ ਤਲਵਾਰਾਂ,
ਕਿਤੇ ਮਾਪਿਆਂ ਦਾ ਦਿੱਤਾ ਸਰਾਪ ਤਾਂ ਨਹੀਂ?

ਰਾਤੀਂ ਮੈਂ ਸੁਪਨਾ ਦੇਖਿਆ, ਮੈਂ ਗੁੱਛਾ-ਮੁੱਛਾ ਹੋ ਗਿਆ,
ਕਿਤੇ ਮਾਂ ਦੇ ਉਦਰ ਰਹਿ ਚੁੱਕੇ ਅਹਿਸਾਸ ਦਾ ਬਿਰਤਾਂਤ ਤਾਂ ਨਹੀ?

ਮੈਂ ਸਹਿਜ ਨੂੰ ਲੱਭ ਰਿਹਾ ਹਉਮੈ ਨੂੰ ਮਿਟਾ ਰਿਹਾ,
ਕਿਤੇ ਉਸਦੇ ਦਰ ਤੇ ਪਹੁੰਚਣ ਦਾ ਇਸ਼ਾਰਾ ਤਾਂ ਨਹੀਂ?

ਇੱਕ ਚੀਖ਼ ਜਿਹੀ ਉੱਠਦੀ ਅਰਸ਼ ਤੋਂ ਫ਼ਰਸ਼ ਤੱਕ,
ਕਿਤੇ ਉਸਦੀ ਆਮਦ ਦਾ ਇਸ਼ਾਰਾ ਤਾਂ ਨਹੀਂ?



# ਹੋਸ਼ ਬੇਹੋਸ਼

ਇਹ ਜਾਗਣਾ, ਇਹ ਬੇਹੋਸ਼ੀ 'ਚ ਸੁਪਨਾ ਜਿਹਾ,
ਇਹ ਸੌਣਾ, ਇਹ ਮੌਤ 'ਚੋਂ ਉੱਠਣਾ ਜਿਹਾ,

ਬੇਹੋਸ਼ੀ 'ਚੋਂ ਉੱਠ ਹੋਸ਼ ਵਿੱਚ ਕੀ ਕਹਿ ਰਿਹਾ?
ਕਹਿ ਰਿਹਾ, ਕਰ ਰਿਹਾ, ਇਹ ਕੀ ਹੋ ਰਿਹਾ?

ਸਰੀਰ ਵਿੱਚ ਥਰ-ਥਰਾਹਟ ਤੇ ਦੇਹੀ ਦਾ ਰਿਝਣਾ,
ਆਨੰਦ ਦੀ ਵਰਖਾ ਤੇ ਸੁਰਤਿ ਦਾ ਭਿੱਜਣਾ,

ਇਹ ਵਿਸਮਾਦੀ ਸਮਾਧੀ, ਇਹ ਚਿੰਤਨ ਦੇ ਰਾਗਾਂ,
ਇਹ ਮਨ ਦੀ ਖਾਮੋਸ਼ੀ, ਇਹ ਸੁਰਤਾਂ ਦੀਆਂ ਜਾਗਾਂ,

ਇਹ ਰੁਣ-ਝੁਣ, ਇਹ ਦਿਲਕਸ਼, ਅਲੌਕਿਕ, ਇਲਾਹੀ,
ਇਹ ਇਕਾਗਰ, ਇਹ ਰਹਿਮਤ, ਇਨਾਇਤ ਅੱਲਾਹੀ,

ਇਹ ਜਲਾਲਾਂ, ਜਮਾਲਾਂ, ਅਲਾਪਾਂ, ਨਗਾਰੇ,
ਇਹ ਸੁੰਨਾਂ, ਇਹ ਸਹਿਜਾਂ, ਝਲਕਾਂ ਕਰਤਾਰੇ,

ਇਹ ਰਹਿਮਤ ਇਹ ਕਿਰਪਾ, ਇਹ ਉਬਰੇ-ਉਬਾਰੇ,
ਇਹ ਕਣ-ਕਣ ਇਹ ਮਦਹੋਸ਼ੀ, ਇਹ ਠਾਕੁਰ ਨਮਸਕਾਰੇ,

ਨਮਸਕਾਰੇ!! ਨਮਸਕਾਰੇ!! ਨਮਸਕਾਰੇ!! ਨਮਸਕਾਰੇ!!



# ਦਰਵਾਜੇ ਤੇ ਖਟ ਖਟ

ਤਸੱਵਰ ਵਿੱਚ ਤਸਵੀਰ ਮੁਕੰਮਲ ਨਹੀਂ ਬਣਦੀ,
ਖ਼ੁਦ ਨੂੰ ਪੂਰੇ ਹੋਣ ਦਾ ਵਹਿਮ।
ਦਰਵਾਜੇ ਤੇ ਖਟ-ਖਟ ਰੌਸ਼ਨੀ ਦੀ ਆਹਟ,
ਖ਼ੁਦ ਨੂੰ ਪੂਰੇ ਹੋਣ ਦਾ ਸਹਿਮ।

ਭਾਲ ਦੀ ਬੇਚੈਨੀ, ਨੀਂਦ ਦੀ ਬੇਹੋਸ਼ੀ,
ਸੁਣ ਤਾਂਘ ਦੀ ਆਵਾਜ਼।
ਹਕੀਕਤ ਦੇ ਸੁਫ਼ਨੇ ਢੂੰਡਣੇ ਦੀ ਹਿੰਮਤ,
ਲੈ ਯਕੀਨ ਦੀ ਪਰਵਾਜ਼।

ਘੜੀ ਦੀ ਟਿੱਕ-ਟਿੱਕ, ਪਾਣੀ ਦੀ ਬੂੰਦ,
ਮਨ ਪੱਥਰ ਤੇ ਘੱਸਦੀ।
ਆਵਾਜ਼ ਵਿੱਚ ਮਨ ਤੁਪਕੇ ਦੀ ਚੀਖ਼ ਬਣ,
ਖ਼ਲਬਲੀ ਬਣ ਵਸਦੀ।

ਉੱਠਦਾ ਹੋਇਆ ਸੂਰਜ, ਰੌਸ਼ਨੀ ਵਿੱਚ ਬਦਲ,
ਹਮੇਸ਼ ਇੱਕੋ ਥਾਵੇਂ ਛਿਪਦਾ।
ਚੰਦ ਦੇ ਉਭਾਰਾਂ, ਉਲਾਰਾਂ ਵਿੱਚ ਸਮੁੰਦਰ,
ਤੱਕ ਇੱਕੋ ਕੰਢਾ ਲਿੱਪਦਾ।



# ਤੇ ਹੋਰ ਕੀ

ਪੰਨਾ, ਕਲਮ, ਪੋਟੇ, ਰੋਸ਼ਨੀ...ਤੇ ਹੋਰ ਕੀ?

ਮਨ, ਚਿੱਤ, ਦਿਲ, ਦਿਮਾਗ...ਤੇ ਹੋਰ ਕੀ?

ਸ਼ਬਦ, ਅੱਖਰ, ਸੁਰਤ, ਪਰਵਾਜ਼...ਤੇ ਹੋਰ ਕੀ?

ਅਹਿਸਾਸ, ਸੋਚ, ਖ਼ਿਆਲ, ਪਰਖ਼ਾਂ...ਤੇ ਹੋਰ ਕੀ?

ਸਾਦਾ, ਡੂੰਘਾ, ਲੁਕਿਆ, ਛੁਪਿਆ...ਤੇ ਹੋਰ ਕੀ?

ਹੁਸਨ, ਜ਼ਰ, ਇਸ਼ਕ, ਨਸ਼ੇ...ਤੇ ਹੋਰ ਕੀ?

ਸੁੰਨ, ਧਿਆਨ, ਸਹਿਜ, ਸਮਾਧਾਂ...ਤੇ ਹੋਰ ਕੀ?

ਆਮਦ, ਰਹਿਮਤ, ਨਦਰਿ, ਰਜ਼ਾ...ਤੇ ਹੋਰ ਕੀ?

ਖੰਡਾ, ਸੀਸ, ਤਲ਼ੀ, ਜਪਣਾ...ਤੇ ਹੋਰ ਕੀ?

ਜੀਵਤ, ਮੁਕਤਾ, ਸੰਤ, ਸਿਪਾਹੀ...ਤੇ ਹੋਰ ਕੀ?

ਆਸਣ, ਸਿਮਰਨ, ਅੰਮ੍ਰਿਤ ਵੇਲਾ...ਤੇ ਹੋਰ ਕੀ?

ਪੂਰਾ ਸੱਚਖੰਡ, ਵਿਛੜੇ ਨਿਵਾਸ...ਤੇ ਹੋਰ ਕੀ?

ਓਹਦੀਆਂ ਦਾਤਾਂ, ਓਹਦੀਆਂ ਮਿਹਰਾਂ...ਅੱਗੇ ਜ਼ੋਰ ਕੀ?



# ਨਾੜੂਆ

ਨਾੜੂਆ ਜਾਪਣ ਥੱਬਾ ਸਿਰ ਤੇ ਮੇਰਾ ਕੇਸਾਂ ਦਾ।
ਜ਼ੇਰ ਵਿੱਚ ਲਿਪਟਿਆ ਸੀਸ ਤੇ ਕੱਪੜਾ ਮੇਰਾ ਵੇਸਾਂ ਦਾ।

ਧਰਤੀ ਮਾਂ ਦੇ ਪਹਾੜਾਂ ਦੀ ਨਿੱਘ ਲੈ, ਮੈਂ ਝਰਨੇ ਨੂੰ ਚੁੰਘਣਾ ਹੈ।
ਹਵਾ ਮਲੂਕ ਜਿਹੀ ਲੋਰੀ ਲੈ, ਮੈਂ ਕਿਰਨਾਂ ਦਾ ਦੁਪੱਟਾ ਸੁੰਘਣਾ ਹੈ।

ਪੱਥਰਾਂ, ਰੋੜਿਆਂ ਦੇ ਮੈਂ ਗੁੱਡੀਆਂ ਪਟੋਲੇ ਬਣਾਉਣੇ ਨੇ।
ਆਕਾਸ਼ੀ ਛੋਹਦੇ ਬਿਖਾਂ, ਡਿੱਗ ਟੁੱਟੇ ਢਾਹਣਿਆਂ ਦੇ ਘਰ ਖੇਤ ਸਜਾਉਣੇ ਨੇ।

ਦਰਿਆ ਵਾਂਗ ਮੈਂ ਰਿੜਨਾ-ਘਿੜਨਾ, ਉੱਠ ਸਮੁੰਦਰ ਬਣਨਾ ਹੈ।
ਬੱਦਲਾਂ ਵਾਂਗ ਮੈਂ ਚੜ੍ਹਨਾ-ਗਿਰਨਾ, ਖ਼ੁਦ ਧਾਤ ਬਣਨਾ ਹੈ।

ਮਿੱਟੀ ਵਿੱਚ ਦੱਬੇ ਨੂੰ, ਮਹਿਕੂਮ ਨਾ ਜਾਣ ਲਈ ਮੈਨੂੰ।
ਮੈਂ ਤੂਫ਼ਾਨ ਬਣ ਕੇ ਉੱਠਦਾ ਹਾਂ, ਤੂੰ ਬੱਸ ਪਛਾਣ ਲਈ ਮੈਨੂੰ।

ਮੈਂ ਉੱਠ-ਚੜ੍ਹ ਕੇ ਜਦ, ਤੇਰੇ ਗਲ਼ੇ ਨੂੰ ਹੱਥ ਪਾਵਾਂਗਾ।
ਮੈਂ ਬਣਾ ਤੈਨੂੰ ਬਾਂਦਰ, ਨੱਕ ਤੇ ਨਕੇਲ ਪਾਵਾਂਗਾ।

ਧਰਤੀ ਤੇ ਪੈਰ ਟਿਕੇ, ਸਿਰ ਅੰਬਰ ਨੂੰ ਛੋਹਦਾ ਏ।
ਮਨ ਵਿੱਚ ਗੁਰੂ ਸਜੇ, ਸੁਰਤਿ ਸ਼ਬਦ ਵੀ ਮੋਂਹਦਾ ਏ।



# ਚਾਹੀ ਮੌਤ ਦਾ

ਗੁਰ ਸੁਰਤਿ ਵਿੱਚ ਜਦ ਅਰਦਾਸ ਕੀਤੀ,
ਰੂਹ ਤੇਗ਼ ਦੀ ਉੱਠੀ ਹਰ ਸਿੱਲ੍ਹ ਥੱਲੋਂ।
ਆਸ਼ਿਕਾਂ, ਆਰਿਫ਼ਾਂ ਤੇ ਨਜ਼ਰ ਇਲਾਹੀ ਵਰਤੀ,
ਤੁਰ ਪਏ ਲੈ ਥਾਪੜਾ ਗੁਰੂ ਵੱਲੋਂ।

ਭਿੱਜੀਆਂ ਰੂਹਾਂ ਤੇ ਅਕਸ, ਹੋਏ ਗਜ਼ਬ ਜ਼ਲਾਲ ਪਰਗਟ।
ਗਵਾਹੀ ਸੱਚ ਦੀ, ਬਖਸ਼ਿਸ ਗੁਰੂ, ਆਸਰਾ ਫ਼ੌਲਾਦ ਪਰਗਟ।

ਦੀਪ ਜ਼ਲੇ, ਸੁੱਖਾਂ ਮਹਿਤਾਬ ਮੰਗੇ,
ਗੁਰਬਖਸ਼ ਬਖ਼ਸ਼, ਕਰਤਾਰ ਦੀ ਏ।

ਜੰਗ ਗਿਣਤੀ ਸਿਦਕ ਦੀ ਹੋਣ ਲੱਗੀ,
ਯਾਦ ਕਾਹਨੂੰ, ਕੁੱਪ ਰਹੀੜਾ ਮਾਰਦੀ ਏ।

ਭਗਤੀ, ਸ਼ਕਤੀ ਪ੍ਚੰਡ ਰੂਪ ਹਾਜ਼ਿਰ।
ਮੀਰੀ-ਪੀਰੀ ਅਡੋਲ ਪ੍ਤੱਖ਼ ਨਾਜ਼ਿਰ।

ਸ਼ਹੀਦਾਂ ਪਿਰਮ ਪਿਆਲਾ ਜਿਓਰਾ ਜੋਤ ਦਾ।

ਸ਼ਹਾਦਤ ਗਵਾਹੀ ਨਾਮ 'ਚਾਹੀ ਮੌਤ ਦਾ'
ਸ਼ਹਾਦਤ ਗਵਾਹੀ ਨਾਮ 'ਚਾਹੀ ਮੌਤ ਦਾ'।



# ਪ੍ਰੀਤ ਦਾ ਸੁਨੇਹਾ

ਚੌਂਕੜੀ ਬੰਨ੍ਹ ਕੇਸਾਂ 'ਚ ਫ਼ੇਰ ਕੰਘੀ,
ਝੋਲੀ 'ਚ ਕਿਰਦੇ ਹੀਰਿਆਂ ਨੂੰ ਤੱਕਦਾ।
ਸੱਜੇ ਪਿੱਛੇ, ਅੱਗੇ ਖੱਬੇ, ਬੰਨ੍ਹ ਧਾਗਾ ਵਲੇਟ,
ਨਿਗਾਹ ਉਤਾਂਹਾਂ ਨੂੰ ਚੱਕਦਾ।

ਕਿਰੇ ਵਾਲਾਂ ਦਾ ਬਣਾ ਗੁੱਛਾ, ਡੱਬੀ ਵਿੱਚ ਪਾ, ਦਸਤਾਰ ਸਜਾ,
ਸ਼ੀਸ਼ੇ ਅੰਦਰ ਖ਼ੁਦ ਵੱਲ ਝਾਤ ਮਾਰਦਾ।
ਤੱਕਦਾ ਤਾਜ ਸਜਿਆ, ਖੁੱਲਾ ਦਾੜ੍ਹਾ, ਹੱਥ ਮੂੰਹ ਫ਼ੇਰ,
ਮਨ ਵਿੱਚ ਉੱਕਰੀ ਪਾਤਸ਼ਾਹੀ ਦੀ ਤਸਵੀਰ ਉਤਾਰਦਾ।

ਕਿਣਮਿਣ ਦਾ ਛੱਤ ਉੱਤੇ ਸੰਗੀਤ,
ਖੁੱਲ੍ਹੀ ਬਾਰੀ ਥਾਣੀਂ ਵਗਦਾ, ਮਿੱਠੀ ਹਵਾ ਦਾ ਬੁੱਲ੍ਹਾ।
ਆਸਮਾਨੀ ਉੱਚੇ ਦਰੱਖ਼ਤਾਂ 'ਤੇ ਫ਼ਿਰਦੀ ਕੰਘੀ ਹਵਾ ਨੇ,
ਨਿਗਾਹ ਖਿੱਚੀ ਤੇ ਪਰਦਾ ਖੁੱਲ੍ਹਾ।

ਸਦੀਆਂ ਤੋਂ ਸਜਦੇ ਵਿੱਚ,
ਹਰੀ ਧਰਤ ਚੌਂਕੜੀ ਪੋਟਲੀ 'ਚੋਂ ਕਿਰਦੇ ਪੱਤੇ।
ਇਹ ਪਤਝੜ ਦੀ ਆਮਦ, ਇਹ ਪ੍ਰੀਤ ਦਾ ਸੁਨੇਹਾ,
ਇਹ ਸੁਰਤਾਂ ਨੂੰ ਕੱਤੇ।



# ਇੱਕ ਦੂਜੇ ਨੂੰ

ਉਹ ਮੈਨੂੰ, ਮੈਂ ਉਸਨੂੰ,
ਇੱਕ ਦੂਜੇ ਨੂੰ,
ਇੱਕ ਦੂਜੇ ਵਿੱਚ ਭਾਲਦੇ।
ਮੇਰੀ ਕਵਿਤਾ, ਕਵਿਤਾ ਮੈਂ,
ਲੱਭਦੇ ਪੈੜਾਂ,
ਇੱਕ ਦੂਜੇ ਦੀ ਚਾਲ ਦੇ।

ਮਿੱਟੀ-ਗ਼ਾਰਾ, ਧੂਣੀ-ਭਾਂਬੜ,
ਸੁਰਤ ਸ਼ਬਦ,
ਇੱਕ ਦੂਜੇ ਨੂੰ ਬਾਲ਼ਦੇ।
ਖ਼ਰੂਦੀ ਸੋਚਾਂ, ਖ਼ਿਆਲਾਂ ਰੌਲ਼ਾ,
ਸੋਚ ਤਜ਼ਰਬਾ,
ਇੱਕ ਦੂਜੇ ਨੂੰ ਪਾਲ਼ਦੇ।

ਤਰਕਾਂ-ਸਿਦਕਾਂ, ਪਿੰਜਰ ਉਡਾਰੀ,
ਕੱਟੇ ਧਾਗੇ,
ਇੱਕ ਦੂਜੇ ਦੇ ਜਾਲ ਦੇ।
ਮਿਲਾਪ ਤੜਪਣ,
ਜਿਉਂਦਾ-ਅਧਮੋਇਆ, ਕੂਕਣ,
ਇੱਕ ਦੂਜੇ ਦੇ ਹਾਲ ਦੇ।



# ਐਨੀ ਕੁ ਬਾਤ

ਚਿੱਥ, ਚੱਬ, ਚੂਸ, ਡੀਕ ਲਾ ਕੇ ਪੀ ਗਿਆ।
ਜ਼ੁਲਮ, ਕਹਿਰ, ਸਖ਼ਤੀ, ਹੱਠ ਦੀ ਚੱਕੀ 'ਚ ਪੀਹ ਗਿਆ।

ਕੌਣ ਹੈ? ਕੀ ਕਰੇਂਗਾ? ਤੂੰ ਕੀ ਜਾਣੇ? ਕੀ ਔਕਾਤ ਹੈ ਮੇਰੀ?
ਇਹ ਆਜ਼ਾਦ ਰੂਹ, ਆ ਖੇਲ੍ਹ ਬਾਜ਼ੀ, ਚੱਲ ਬੈਸਾਤ ਹੈ ਤੇਰੀ।

ਲਹੂ ਦਵਾਂ, ਜਿਗਰ ਦਵਾਂ, ਸਿਰ ਦਵਾਂ,
ਤੂੰ ਖੁਸ਼ ਹੋ ਜਾ ਬਾਜ਼ੀ ਜਿੱਤਣ ਤੇ
ਜਾਹ! ਇਹ ਖ਼ੈਰਾਤ ਹੈ ਮੇਰੀ।
ਨਾ ਸਿਰੜ ਦਵਾਂ,
ਨਾ ਸਿਦਕ ਦਵਾਂ, ਨਾ ਮਨ ਝੁਕੇ,
ਨਾ ਸੋਚ ਮੁਕੇ,
ਨਾ ਖੁਸ਼ ਹੋ ਸਮਝ ਬਾਜ਼ੀ ਜਿੱਤ ਕੇ,
ਇਹ ਗੁਰੂ ਦੀ ਬਖ਼ਸ਼ੀ ਸੌਗਾਤ ਹੈ ਮੇਰੀ।

ਕਾਲੀਆਂ ਰਾਤਾਂ ਦਾ ਡਰ ਹੋਵੇਗਾ, ਦਿਨ ਦੇ ਮੁਸਾਫ਼ਿਰ ਨੂੰ,
ਕਾਲੇ ਲੇਖਾਂ ਨੂੰ ਚੜ੍ਹਦੀ ਕਲਾ ਵਿੱਚ ਲਿਖਿਆ, ਇਹ ਜਾਤ ਹੈ ਮੇਰੀ।
ਐਂਵੇਂ ਭਰਮ ਨਾ ਕਰੀਂ, ਤੋੜ ਦੇਣ ਦਾ ਮੈਨੂੰ,
ਮੈਂ ਮਰਨ ਤੋਂ ਪਹਿਲਾਂ ਹੀ,ਮਿੱਟੀ ਉਹਦੇ ਰਾਹਾਂ ਦੀ,
ਬਸ! ਐਨੀ ਕੁ ਬਾਤ ਹੈ ਮੇਰੀ।



# ਮੈਂ ਸ਼ੀਸ਼ਾ

ਕਲਪਦਾ, ਕਿਆਸਦਾ, ਕਵਿਤਾ ਲਿਖਾਂ ਗੰਦੀ ਜਿਹੀ,
ਅੰਗਾਂ ਖ਼ਿਆਲਾਂ ਨੂੰ ਚਿੱਤਰਾਂ, ਭਾਸ਼ਾ ਵੀ ਹੋਵੇ ਮੰਦੀ ਜਿਹੀ।

ਮੇਰੇ ਲਿਖਦਿਆਂ ਤੇ ਤੇਰੇ ਸੁਣਦਿਆਂ,
ਇੱਕ ਅਕਸ ਰੂਪਮਾਨ ਹੋਵੇ।
ਮੈਂ ਦੱਸਾਂ ਉਹਨਾਂ ਅੱਖਾਂ ਨੂੰ ਕਟਾਰੀਆਂ,
ਤੱਕਣੀ ਦਾ ਉਹ ਤੂਫ਼ਾਨ ਹੋਵੇ।

ਕਮੀਜ਼, ਸਲੀਕਾ ਬਿਨ ਇਨਸਾਨ ਹੋਵੇ।
ਚੋਜ, ਤੋਰ, ਤਰੀਕੇ, ਰਫ਼ਸ਼ ਛੱਡ,
ਇੱਕ ਦਰਿੰਦਾ, ਇੱਕ ਹੈਵਾਨ ਹੋਵੇ।

ਮੈਂ ਲਿਖਾ,
ਭੱਦੇ, ਕੁਸੱਧੇ, ਕੁਵੱਲੇ ਖ਼ਿਆਲਾਂ ਦੀਆਂ ਇਬਾਰਤਾਂ।
ਤੂੰ ਚਿਤਰੇ,
ਸੁਨੱਖੀ, ਨਫ਼ੀਸ, ਛਬੀਲੀ ਤਰਜ਼ਾਂ ਦੀਆਂ ਇਮਾਰਤਾਂ।

ਕੁੱਛ ਐਸਾ ਲਿਖਾਂ ਕਿ ਸੁਣਨ ਵਾਲੇ ਨੂੰ ਆਸ ਨਾ ਹੋਵੇ।
ਸੰਜੀਦਗੀ ਵਿੱਚ ਪੜ੍ਹ ਲਵੇ,
ਮਨ ਮੈਲ਼ੇ ਅਹਿਸਾਸ ਨਾ ਹੋਵੇ।

ਤੂੰ ਐਦਾਂ ਕਿੱਦਾਂ ਸੋਚਦਾ?
ਇਹ ਸਵਾਲ ਉੱਠੇ ਮੇਰੇ ‘ਤੇ।

ਮੈਂ ਸ਼ੀਸ਼ਾ,
ਅੱਖਰ ਤੇਰਾ ਪਰਛਾਵਾਂ,
ਕਿਉਂ ਬਵਾਲ ਉੱਠੇ ਮੇਰੇ ‘ਤੇ!



# ਸਮਰਪਣ ਕਰਦੇ

ਚੱਲ ਆ ਕਵਿਤਾ ਲਿਖਾਂ,
ਤੂੰ ਪੰਨਾ ਬਣ ਸਮਰਪਣ ਕਰਦੇ।
ਤੇਰੇ ਸੂਖ਼ਮ ਦਿਲ ਦੇ ਵਰਕੇ ਤੇ,
ਮੈਂ ਕੇਰਾਂ ਸਿਆਹੀ ਜਜ਼ਬਾਤਾਂ ਦੀ,
ਤੂੰ ਬੇਨਜ਼ੀਰ ਇਨਾਇਤ ਕਰਦੇ।

ਮੇਰੀਆਂ ਪੁਖ਼ਤਾ ਹਸਰਤਾਂ ਨੇ ਵਹਿਣਾ ਬਣ ਦਰਿਆ,
ਅਣਛੋਹੀ ਝਲਕ, ਦਿਲਕਸ਼ ਕਹਿਕਸ਼ਾ,
ਤੂੰ ਹੱਦਾਂ ਦੀ ਨਿਸ਼ਾਨਦੇਹੀ ਕਰ ਦੇ।
ਮੇਰੀ ਭਖ਼ਦੀ ਕਲਮ ਨੇ,
ਤੇਰੇ ਚੁਫ਼ਾਲ ਸ਼ਬਦਾਂ ਦੇ ਨਕਸ਼ਾਂ ਨੂੰ ਛੋਹਣਾ ਹੈ,
ਤੂੰ ਠੰਡੀ ਰੇਤ ਬਣ,
ਮੈਨੂੰ ਸੁਰਖ਼ਰੂ ਕਰ ਦੇ।

ਮੇਰੇ ਥਰਕਦੇ ਜਜ਼ਬਾਤਾਂ ਦਾ,
ਹੜ੍ਹ ਰੋੜ੍ਹ ਕੇ ਲੈ ਜਾਵੇਗਾ,
ਮਿੱਟੀ ਜ਼ਰਖ਼ੇਜ ਤੇਰੀ ਨੂੰ।
ਤੂੰ ਦੱਸ ਹਾਲੀਂ ਨੂੰ,
ਐਤਕੀਂ ਭਾਰੀ ਫ਼ਸਲ ਦੀ ਤਿਆਰੀ ਕਰ ਲੈ।
ਸਹਿਜ ਸੂਰਤਾਂ ਨੂੰ ਬੂਰ ਪੈਣੇ ਨੇ, ਸਿਦਕ ਨੇ ਅੰਗੜਾਈ ਲੈਣੀ ਐ,
ਤੂੰ ਉੱਠ ਰਹਿਮਤ ਦੁਆਵਾਂ ਦੀ ਵਾਢੀ ਕਰ ਲੈ।



# ਖ਼ੁੱਦ ਵਿੱਚ ਸਮਾ ਰਿਹਾ

ਰਾਹਾਂ ਵਿੱਚ ਤੁਰਨਾ, ਸੁਰਤ ਵਿੱਚ ਖ਼ੁਰਨਾ,
ਉਹ ਆਪਾਂ ਮਿਟਾ ਰਿਹਾ,
ਰਾਖ਼ ਦੀ ਢੇਰੀ, ਬੁਲਬੁਲੇ ਦੀ ਫ਼ੇਰੀ,
ਉਹ ਕੰਜ਼ ਵਟਾ ਰਿਹਾ,
ਉਸ ਮਰਕੇ ਜੀਣਾ, ਦੁੱਖ ਨਾਲ ਸੀਣਾ,
ਜਖ਼ਮ ਲੂਣ ਚਟਾ ਰਿਹਾ,
ਸੁਪਨੇ ਵਿੱਚ ਸੌਣਾ, ਨੀਂਦ ਵਿੱਚ ਭੌਣਾ,
ਉਹ ਉਮਰਾਂ ਵਿਹਾਅ ਰਿਹਾ,
ਨਕਸ਼ ਪਛਾਣੇ, ਪਿੰਡੇ ਮਾਣੇ,
ਉਹ ਕੌਲਾਂ ਨੂੰ ਪੁਗਾ ਰਿਹਾ,
ਲੰਘਿਆ ਵੇਲਾ, ਉਹ ਕਿਰਦਾ ਰੇਤਾ,
ਉਹ ਯਾਦਾਂ ਸਜਾ ਰਿਹਾ,
ਪੰਨੇ ਤੇ ਘਿਸਣਾ, ਸੋਚ ਦਾ ਰਿਸਣਾ,
ਉਹ ਆਪਾ ਲੁਕਾ ਰਿਹਾ,
ਰੋਸ਼ਨੀ ਜਗਣਾ, ਸਿਦਕ ਮੱਗਣਾ,
ਤਲ਼ੀ ਤੇ ਸੀਸ ਰੱਖ, ਹੱਥੀਂ ਆਰਾ ਚਲਾ ਰਿਹਾ,
ਸਜਦੇ ਵਿੱਚ ਰਹਿਣਾ, ਸ਼ਬਦਾਂ ਦਾ ਕਹਿਣਾ,
ਉਹ ਆਪਾ ਗਵਾ ਰਿਹਾ,
ਖੁੱਲ੍ਹੀ ਠੂਠੀ ਉਹ ਵਰ੍ਹਦੇ ਹੀਰੇ,
ਉਹ ਸਮੁੰਦਰ, ਖ਼ੁੱਦ ਵਿੱਚ ਸਮਾ ਰਿਹਾ।



# ਕਵਾੜ ਪਾਟੇ

ਉੱਚਾਈ ਡੂੰਘਾਈ ਘੁੱਪ ਹਨੇਰਾ, ਦਰਿੰਦਾ ਜਾਨਵਰ ਜੰਗਲ।
ਸੁਫ਼ਨਾ ਨੀਂਦ ਕਰਵਟ ਤੋੜਦਾ, ਹੋ ਰਿਹਾ ਦੰਗਲ।

ਗੋਡਿਆਂ ਨੂੰ ਛਾਤੀ ਨਾਲ ਲਾ ਬਾਹਾਂ ਲਪੇਟ,
ਰਜ਼ਾਈ 'ਚ ਲੁਕ ਜਾਣਾ।
ਆਪਣੇ ਜਾਚੇ ਮਾਂ ਦੇ ਗਰਬ ਵਿੱਚ,
ਖ਼ੁਦ ਨਾਲ ਜੱਫ਼ੀ ਪਾ ਛੁੱਪ ਜਾਣਾ।

ਯਾਦਾਂ ਦਾ ਥਣ ਉੱਠਦੀਆਂ ਸੋਚਾਂ ਦੇ ਬੁੱਲ੍ਹਾਂ ਨਾਲ ਚੁੰਘਣਾ।
ਬੀਤੇ ਦੁ ਬੁੱਲ੍ਹਿਆਂ ਦੀ ਲੋਰੀ ਦੇ ਤੇੜ ਪਏ,
ਮਖ਼ਮਲੀ ਦੁਪੱਟੇ ਦਾ ਸੁੰਘਣਾ।

ਸੁੱਤਿਆਂ ਉੱਠ ਤੁਰਦਾ ਅਨੰਤਾਂ ਦੇ ਸਫ਼ਰਾਂ ਵਿੱਚ,
ਅਨਹਦ ਨਾਦ ਭਾਲਦਾ।
ਸਜਦੇ 'ਚ ਬਹਿ ਅਦ੍ਰਿਸ਼ਟ ਮੰਡਲਾਂ 'ਚ ਭਉਂਦਾ,
ਮਨ ਦੇਹੀ ਨੂੰ ਬਾਲ਼ਦਾ।

ਖ਼ੁਦੀ ਮੁਕਾ, ਸਮੇਂ ਥਾਂ ਤੋਂ ਪਰੇਂ ਦੀ ਹਕੀਕਤ,
ਅੰਤਿਮ ਨਿਆਂ ਨੂੰ ਜਾਨਣਾ।
ਅਕਲ ਦੇ ਪਿੰਜਰੇ ਤੋੜ, ਕੈਦ ਭਰ ਰੂਹ ਦੀ ਉਡਾਰੀ,
ਇਲਾਹੀ ਤਰਬ ਨੂੰ ਮਾਨਣਾ।

ਆਨੰਤ ਛੋਹ ਰੋਸ਼ਨ ਉੱਜਲ ਲੋ,
ਲਿਵ ਸੁਰਤਿ ਦੀ ਜਾਗ ਚਰਨ ਕਮਲ ਪਸਾਰਾ।
ਕਵਾੜ ਪਾਟੇ ਆਦਿੱਖ਼ ਦਾ ਪ੍ਰਕਾਸ਼,
ਦਰਗਾਹੀ ਜਲ਼ੋ, ਅਮੂਰਤ, ਅਸੀਸ ਦਾ ਨਜ਼ਾਰਾ।



# ਹਸਤੀ ਨਾਲ ਜੰਗਾਂ

ਸਵਾਸਾਂ ਦਾ ਧਾਗਾ, ਖ਼ਿਆਲਾਂ ਦੇ ਮੋਤੀ, ਸੁਰਤਾਂ ਦੀ ਮਾਲਾ,
ਸਿਦਕਾਂ ਦੀਆਂ ਗੰਢਾਂ, ਹਿਰਦੇ ਦੀ ਧੜਕਣ, ਵਿਸਮਾਦੀ ਭਾਲਾਂ।

ਬ੍ਰਹਿਮੰਡੀ ਅਕਾਰਾਂ, ਭੈ ਵਿੱਚ ਹੈ ਵਹਿਣਾ,
ਬੁੱਝਣਾ ਹੈ ਜਗਣਾ, ਉੱਠਣਾ ਜੋ ਬਹਿਣਾ।

ਪਰਮਾਤਮ ਦੀਆਂ ਮੌਜਾਂ, ਜੋ ਮਚ਼ਦੇ ਨੇ ਠਲ੍ਹਦੇ।
ਚੜ੍ਹਦੀ ਕਲਾ ਵਿੱਚ, ਕਣ-ਕਣ ਨੇ ਜਲ਼ਦੇ।

ਸੁੱਤੇ ਬੁੱਤਾਂ ਦਾ, ਚਾਨਣ ਨੂੰ ਲੱਭਣਾ
ਮੱਘਦੀ ਸੁਰਤਾਂ ਦਾ, ਚਰਨਾਂ 'ਚ ਫ਼ੱਬਣਾ।

ਖੁੱਲ੍ਹੀਆਂ ਨੇ ਅੱਖਾਂ, ਹਉਮੈਂ ਦੇ ਗ਼ਰਦੇ।
ਪਲਕਾਂ ਨੂੰ ਚੱਕਿਆਂ, ਪੈਂਦੇ ਨੇ ਪਰਦੇ।

ਕੰਨਾਂ ਦੇ ਕੋਲ਼ੇ, ਜਹਾਨਾਂ ਦੀ ਬੋਲੀ
ਧੁਨੀ ਨੀ ਵੱਜਦੀ, ਜੋ ਮੋਰੀ ਨੀ ਖੋਲ੍ਹੀ।

ਆਪਾ ਮਿਟਾਉਣਾ, ਰੋਸ਼ਨ ਜੋ ਹੋਣਾ
ਨੀਂਦਰ 'ਚੋ ਉੱਠਣਾ, ਫ਼ੇਰ ਹੋਣਾ ਨੀ ਹੋਣਾ।
ਸਮੁੰਦਰ 'ਚ ਡਿੱਗਦਾ, ਦਰਿਆ ਸਮਰਪਣ
ਪਹਾੜਾਂ ਤੇ ਬੱਦਲਾਂ, ਬਰਫ਼ਾ ਨੂੰ ਅਰਪਣ।
ਸੂਰਜ ਦਾ ਮਘਣਾ, ਝਰਨੇ ਦਾ ਜਗਣਾ।

ਤਪ ਧਰਤੀ ਸਮਾਧੀ, ਸਜਦੇ ਭਗਤੀ ਅਰਾਧੀ।
ਕੋਇਲ ਦੀਆਂ ਕੂਕਾਂ, ਵਸਲਾਂ ਦੀਆਂ ਹੂਕਾਂ।

ਹੱਥੀਂ ਪੈਰੀਂ ਤਰੰਗਾਂ, ਬਾਣੀ ਦੇ ਰੰਗਾਂ।
ਹਸਤੀ ਨਾਲ ਜੰਗਾਂ, ਕੀ ਸ਼ਰਮਾਂ ਕੀ ਸੰਗਾਂ?



# ਕਦੇ ਸਾਹਾਂ ਨੂੰ

ਰੋਸ਼ਨੀ ਦੇ ਸਾਹਮਣੇ ਖੜ,ਮੈਂ ਆਪਣਾ ਪਰਛਾਵਾਂ ਮਾਪਣਾ।
ਪਿੰਡ ਦੇ ਹਨੇਰੇ ਨੇ ਇੱਕ ਤਸਵੀਰ, ਸੱਚ, ਵਜੂਦ ਥਾਪਣਾ।

ਮੇਰੇ ਨਕਸ਼ ਉੱਘੜ ਪਏ, ਸਾਹਮਣੇ ਪਿਆ ਸ਼ੀਸ਼ਾ ਬੋਲਦਾ।
ਅੱਖਾਂ ਓਹਲੇ ਪਏ ਹਾਦਸੇ, ਕਿਸੇ ਖ਼ਿਆਲ ਖੋਲ੍ਹਦਾ।

ਕੌਣ ਲੁੱਟ ਸਕੇਗਾ,
ਮੇਰੀ ਜਿੰਦਗੀ ਵਿੱਚ ਬੀਤੇ ਦੀਆਂ ਕਹਾਣੀਆਂ?
ਕਈ ਸੁਪਨੇ ਬੁੱਢੇ ਹੋ ਗਏ, ਕਈ ਜਵਾਨ,
ਕਈ ਹਸਰਤਾਂ ਨਿਆਣੀਆਂ।

ਕਦੇ ਸਾਹਾਂ ਨੂੰ ਰੋਕ ਮੈਂ ਆਪਣਾ ਸਬਰ ਖੋਲ੍ਹਦਾ।
ਹੱਦ ਨਾਲੋਂ ਵੱਧ ਹੋ ਜੇ, ਫ਼ੇਰ ਅੰਦਰ ਦੇ ਜਾਨਵਰ ਨੂੰ ਖੋਲ੍ਹਦਾ।

ਜਿੰਨਾ ਵੀ ਫ਼ਾਸਲਾ ਘੱਟ ਹੋਵੇ, ਨਾ ਹੀ ਹੋਣਾ ਚਾਹੀਦਾ।
ਜੋ ਦਿਮਾਗ ਵਿੱਚ ਚੱਲ ਰਿਹਾ, ਜੀਭ ਨੂੰ ਪਰਦਾ ਨੀ ਪਾਉਣਾ ਚਾਹੀਦਾ।

ਮੈਂ ਕਹਿ ਦੇਣਾ, ਜੋ ਤੈਨੂੰ ਤੰਗ, ਕਮਜ਼ੋਰ, ਸ਼ੋਰ ਕਰ ਰਿਹਾ।
ਹਨੇਰੇ ਨੂੰ ਪਰਛਾਵੇਂ ਜ਼ਜਬ ਕਰ ਜਾਣਾ, ਤੈਨੂੰ ਲੱਗੇ ਕੋਈ ਹੋਰ ਮਰ ਰਿਹਾ।

ਜੋ ਮੇਰੀ ਜਿੰਦਗੀ ਵਿੱਚ ਪਿੰਡੇ ਤੇ, ਸਮੇਂ ਨੇ ਦਾਗ਼ ਦਿੱਤੇ ਨੇ।
ਇਹਨਾਂ ਦੀ ਨੁਮਾਇਸ਼ ਨਾ ਕਰ, ਜੇ ਕਰੇ, ਉਹ ਕੋਈ ਹੋਰ ਕਿੱਤੇ ਨੇ।







# ਚੁੱਪਚਾਪ ਸੁਣਾਂ

ਮਨ ਚੀਖ਼ਦਾ, ਜੀਭ ਚੁੱਪੀ ਧਾਰੀ,
ਸੋਚਾਂ, ਕੁਝ ਕਹਾਂ ਕਿ ਨਾ।

ਲੱਤਾਂ ਕੰਬਣ, ਦਿਲ ਭੱਜਦਾ,
ਪਿੰਡਾ ਆਖੇ, ਕੁਝ ਸਹਾਂ ਕਿ ਨਾ।

ਬੇਤਰਤੀਬੇ ਖ਼ਿਆਲ, ਉੱਠਣ ਫ਼ੜ,
ਸੋਚਾਂ ਨਾਲ, ਚੁਗਾਂ ਕਿ ਨਾਂ।

ਨਵੇਂ (ਸ਼ਬਦਾਂ) ਵਹਿਣਾਂ ਦਾ ਬੀਜ ਲਾ,
ਆਪ-ਮੁਹਾਰੇ, ਉੱਗਾਂ ਕਿ ਨਾ।

ਜੇ ਮੈਂ ਦੱਬ ਗਿਆ ਜਾਂ ਸਹਿ ਰਿਹਾ,
ਜਾਂ ਨਾ ਮੈਥੋਂ ਗਿਆ ਕਿਹਾ।

ਧੂੜ ਦਾ ਪਰਦਾ, ਲਾਹਾਂ ਸ਼ੀਸ਼ੇ ਉੱਤੇਂ,
ਮੂੰਹ ਤੇ ਗ਼ਰਦਾ ਪਿਆ ਰਿਹਾ।

ਲੁਕੋ ਲਵਾਂ ਨਾਲਾਇਕੀਆਂ,
ਸਜ-ਸ਼ਿੰਗਾਰ ਤਹਿ,
ਇੱਕ ਹੋਰ ਚਾੜ੍ਹ ਲਾਂ।

ਜਾਂ ਮੌਤ ਜਿਹੀ ਚੁੱਪੀ ਨੂੰ ਤੋੜ,
ਹਿੱਕ ਤੇ ਜੜਿਆ ਪੱਥਰ ਪਾੜ੍ਹ ਲਾਂ।

ਦਰਿਆ ਆਪਣਾ ਹਾਲ ਸੁਣਾਵੇ,
ਪੁੱਛਦਾ ਮੈਨੂੰ,
ਤੂੰ ਵੀ ਕੁੱਝ ਬੋਲ ਵੇ।

ਹੁੰਗਾਰਾ ਭਰਾਂ ਚੁੱਪਚਾਪ ਸੁਣਾਂ ,
ਬਣ ਕੰਢਾ,
ਬੈਠਾਂ ਮੈਂ ਉਸਦੇ ਕੋਲ ਵੇ।

# ਉਸਦੇ ਆਣ ਤੋਂ ਪਹਿਲਾਂ

ਉੱਠ ਸੰਭਲ ਖ਼ਿਆਲ ਹੋਸ਼ ਵਿਚਾਰ ਕਰ,
ਕਿਸੇ ਦਾ ਪਰਛਾਵਾਂ ਉਧਾਰਾ ਲੈਣ ਤੋਂ ਪਹਿਲਾਂ।

ਹਨੇਰਾ ਖ਼ੁਦ ਵਿੱਚ ਪਛਾਣ ਲੈ,
ਡੂੰਘੇ, ਗ਼ਹਿਰੇ, ਗੂੜੇ, ਅਜਨਬੀ ਸਮੁੰਦਰ ਤਾਈਂ
ਜਾਣ ਤੋਂ ਪਹਿਲਾਂ।

ਇਹ ਮਖੋਟਾ ਲਾ ਕੇ ਘੁੰਮਣਾ ਲਿਸ਼ਕ ਚਾਨਣ ਵਖ਼ੇਰਨਾ,
ਮਨ ਨੂੰ ਨਹਾ ਲੈ,
ਇੱਤਰ ਫੁਲੇਲ  ਲਾਣ ਤੋਂ ਪਹਿਲਾਂ।

ਲਾਲੜੀ, ਮਜੀਠ, ਗੁੰਜ ਲਾ ਖ਼ੁਦ ਸੁਰਖ਼ ਹੋ ਜਾ ਤੂੰ,
ਲਹੂ ਬੱਗਾ ਨਾ ਹੋ ਜਾਵੇ,
ਰੱਤ ਨੂੰ ਉਬਾਲ ਲੈ ਪਹਿਲਾਂ।

ਦੱਬੇ ਜਜ਼ਬਾਤ ,ਕਮਜ਼ੋਰ ਆਵੇਗ, ਉਮੰਗਾਂ ਨੇ ਡਲ੍ਹਕ ਉੱਠਣਾ ਹੈ
ਹਵਾਵਾਂ ਨਾਲ ਉੱਡਣਾ,
ਹੰਨੇ -ਲਗ਼ਾਮ ਹੱਥ ਬੋਚ ਲੈ ਪਹਿਲਾਂ।

ਖ਼ੁਦਾਈ ਇੱਕ ਪਿੰਜਰਾ
ਤੂੰ ਫੜਫੜਾਉਣਾ ਹੈ,
ਘੁੱਟਣ ਵਿੱਚ ਨੀਂਦ ਟੁੱਟੇ,
ਸੁਪਨਾ ਖੁੱਲੇ,
ਕਵਿਤਾ (ਬੰਦ) ਗੁਣਗੁਣਾ ਪਹਿਲਾਂ।

ਤੂੰ ਆਤਿਸ਼ ਮਿਜਾਜ,
ਅਦਬ ਦਾ ਗੀਤ ਗਾਉਣਾ ਹੈ,
ਦਿੱਖ਼ ਫ਼ੱਟੀ ਸਿਦਕ ਨਾਲ ਪੋਚ ਲੈ,
ਆਬੇ ਜ਼ਰ ਲਾਉਣ ਤੋਂ ਪਹਿਲਾਂ।

ਇੱਕ ਤੇਰੇ ਹਿੱਸੇ ਨੇ ਖ਼ਸਮ ਦੇ ਸਜ਼ਦੇ ਵਿੱਚ ਰਹਿਣਾ ਹੈ,
ਆਪਾ ਮਿਟਾ-ਮਿਟਾ ਕੇ ਨਾਮ ਲੈ ਉਸਦਾ,
ਉਸਦੇ ਆਣ ਤੋਂ ਪਹਿਲਾਂ,
ਖ਼ੁਦ ਦੇ ਜਾਣ ਤੋਂ ਪਹਿਲਾਂ।

# ਤੇਰੀ ਹੀ ਤੋਰ

ਚੱਲ ਆ ਸੁਣਾਵਾਂ ਤੈਨੂੰ ਬਾਤ ਤੇਰੀ ਹੀ ਤੋਰ ਦੀ।
ਪਹਿਲਾਂ ਵੀ ਸੁਣੀ ਹੋਣੀ, ਹਿਰਨੀ ਦੀ ਚਾਲ ਪੈਲ਼ ਮੋਰ ਦੀ।

ਜੋ ਮੈਂ ਸੁਣਾਉਣ ਲੱਗਾ ਗੱਲ, ਉਹ ਹੋਰ-ਹੋਰ ਹੈ।
ਠਹਿਰ!! ਜਿਗਰਾ ਕਰਨ ਦੇ ਮੈਨੂੰ, ਮੇਰੇ ਮਨ ਚੋਰ-ਚੋਰ ਹੈ।

ਨਿੱਕੇ ਹੁੰਦਿਆਂ ਪੈਰੀਂ ਬਹਿ, ਲੱਤਾਂ ਫੜ ਝੂਟੇ ਬੜੇ ਲਏ।
ਮੇਰੀ ਵਾਰੀ, ਮੈਂ ਪਹਿਲਾਂ, ਹੁਣ ਕੇ ਹੁਣ, ਲੜ ਪਏ।

ਜ਼ਮੀਨ ਉੱਤੇ ਰਿੜ੍ਹਦਿਆਂ ਸੀ ਪੈਰ, ਮੂੰਹ ਹੀ ਜਾਪਦੇ
ਹਾਲੇ ਵੀ ਓਹਲੇ ਤੱਕ, ਪੈਰਾਂ ਨਾਲ ਅਸੀਂ ਸੁਹੱਪਣ ਮਾਪਦੇ।

ਨਹੁੰ, ਪੈਰ, ਗਿੱਟੇ, ਅੱਡੀਆਂ, ਦੇਖਾਂ ਮੈਂ ਮੋਮ ਤਲ਼ੀਆਂ ।
ਫ਼ੁੱਲ, ਬੂਟੇ ਪਾ ਡੰਡੀਆਂ, ਪੈਰੀਂ ਮਹਿੰਦੀਆਂ ਮਲ਼ੀਆਂ ।

ਉਂਗਲੀਆਂ ਦੀ ਵਿੱਥ ਕਿਵੇਂ, ਛੋਟੀ-ਵੱਡੀ ਚਿਣੀ ਹੈ ।
ਪੈਰਾਂ ਦੀ ਸੰਭਾਲ ਤੇ ਲੋਕਾਂ, ਪਛਾਣ, ਸਖਸ਼ੀਅਤ ਮਿਣੀ ਹੈ।

ਖ਼ੈਰ ਗੱਲ ਕਰ ਰਿਹਾ ਸੀ, ਮੈਂ ਤੇਰੀ ਤੋਰ ਦੀ ।
ਹਾਂ, ਹਾਂ, ਹਿਰਨ ਦੀ ਚਾਲ, ਪੈਲ਼ ਮੋਰ ਦੀ ।

ਕਦੇ ਦੇਖਿਆ ਹੋਣਾਂ ਤੈ ਨਦੀ ਨੂੰ ਮੁੜਦਿਆਂ ।
ਫੁੱਲ ਭਰੀ ਟਾਹਣੀ ਲਚਕਣਾ ਤੇ ਹਵਾਵਾਂ ਨਾਲ ਜੁੜਦਿਆਂ ।

ਸੱਜੇ-ਖੱਬੇ ਇੱਕੋਂ ਲੀਕ, ਪੈਰ ਅੱਗੇ-ਪਿੱਛੇ ਮੇਲਣਾ ।
ਮੱਕੀ ਦੇ ਪੇੜੇ ਦਾ ਦੋਹਾਂ ਹੱਥਾਂ ਵਿੱਚ ਖੇਲ੍ਹਣਾ।

ਤੂੰ ਤੁਰਦੀ ਏ ਤਾਂ ਜਾਪੇ ਕੋਈ ਗੀਤ ਚੱਲ ਪਿਆ ।
ਮੈਂ ਕਿਹਾ, ਉਹ ਚੁੱਪ ਰਿਹਾ, ਜ਼ਮਾਨਾ ਜਲ਼ ਗਿਆ।

ਤੂੰ ਹੈਰਾਨ ਨਾ ਹੋ, ਪੈਰਾਂ ਦੇ ਕਿੱਸੇ ਭਰੇ ਪਏ ਨੇ ।
ਉਹ ਵੀ ਬੋਲ ਪੈਣਗੇ, ਜਿਹਨਾਂ ਦੇ ਅਹਿਸਾਸ ਮਰੇ ਪਏ ਨੇ ।

# ਤੂੰ ਆਪੇ ਪ੍ਰਗਟ ਹੋ

ਗੂੜੀ ਨੀਂਦ 'ਚੋਂ ਅੱਜ, ਭਲਕੇ ਤੜਕੇ, ਜਗਾ ਮੈਨੂੰ।
ਬੋਲ ਅਣਦਿੱਖ ਪਰਦਾ ਖੋਲ੍ਹ, ਕੁੱਝ ਤਾਂ ਦਿਖਾ ਮੈਨੂੰ।

ਇਹ ਚੀਖ਼ ਉੱਠਦੀ ਰਹਿਣੀ, ਇਹ ਵਿਰਲਾਪ ਕੂੰਦਾ ਰਹਿਣਾ।
ਕੋਸ਼ਿਸ ਕਰਕੇ ਥੱਕੀ, ਹੁਣ ਇਹ ਆਪਣੇ-ਆਪ ਹੁੰਦਾ ਰਹਿਣਾ।

ਮਨ ਤੇ ਧੁੰਦ, ਖ਼ਿਆਲਾਂ ਦੀਆਂ ਭਰੀਆਂ, ਸੋਚ ਬੱਦਲਾਂ ਨਾਲ ਭਿੜਦੀ।
ਡੂੰਘੇ ਤਲ਼ਾਂ ਦੇ ਖ਼ਿਆਲਾਂ ਓਹਲੇ, ਚਾਂਦੀ ਰੰਗੀ ਰੋਸ਼ਨੀ ਜਿਹੀ ਛਿੜਦੀ।

ਕੁੱਝ ਤਾਂ ਚਾਨਣ ਕਰ, ਪਰਤਾਂ ਖੋਲ੍ਹ, ਸੂਰਜ ਦਿਖਾ ਮੈਨੂੰ!
ਕੁੱਝ ਤਾਂ ਝੰਜੋੜ ਦੇ, ਕੁੱਝ ਤਾਂ ਹਿਲਾ ਮੈਨੂੰ।

ਤੁਰ ਪਿਆ ਖ਼ੁਦ ਦੀ ਭਾਲ ਵਿੱਚ, ਹਰ ਪਾਸੇ ਚੁੱਪੀ ਏ।
ਹਰ ਕਣ ਸਮਾਧੀ ਵਿੱਚ, ਹਰ ਪਾਸੇ ਗੁੱਥੀ ਏ।

ਮੈਂ ਸੁੱਤਾ ਰਹਿੰਦਾ ਹਾਂ, ਜਿਸਨੂੰ ਜਲ-ਥਲ ਕਹਿੰਦਾ ਹਾਂ।
ਮਨ ਧਰਤੀ ਨੂੰ ਬਹਿੰਦਾ ਹਾਂ।

ਤੇਰਾ ਮੈਨੂੰ ਭਰਵਾਸਾ ਹੈ, ਤੇਰਾ ਬ੍ਰਹਿਮੰਡ, ਤੇਰਾ ਵਾਸਾ ਹੈ।
ਮੈਂ ਧੂੜ ਤੇਰੇ ਚਰਨਾਂ ਦੀ, ਮੇਰੇ ਸਿਰ ਖਾਲੀ ਕਾਸਾ ਹੈ।

ਇੱਕ ਅੱਖ ਖੋਲ੍ਹ ਦੇ ਮੇਰੀ, ਮੈਥੋਂ ਦੋ ਨੈਣਾਂ ਨਾਲ ਲੱਭਦਾ ਨਹੀਂ।
ਤੂੰ ਮੈਨੂੰ ਇੱਕ ਲਫ਼ਜ਼ ਦੇ ਦੇ,
ਬਹੁਤ ਕੁੱਝ ਲਿਖਾਂ, ਪਰ ਸ਼ਾਨ ਵਿੱਚ ਜਾਵੇ ਫ਼ੱਬਦਾ ਨਹੀਂ।

ਜਾਂ ਉਹ ਖ਼ਿਆਲ ਮੇਰੇ ਮਨ ਵਿੱਚ ਡਿੱਢ ਕਰਦੇ,
ਦੇ ਬਾਲ ਕਵਿਤਾ ਜਿਹੀ, ਤੂੰ ਮੇਰਾ ਪਿੰਡ ਭਰਦੇ।

ਪੰਛੀ ਵਾਂਗ ਉੱਡ ਲੈਣ ਦੇ, ਮੈਂ ਤੇਰਾ ਸਜਦਾ ਕਰਨਾ ਹੈ,
ਹਉਮੈ, ਮੋਹ, ਕਾਮ, ਕ੍ਰੋਧ ਮੈਂ ਲੋਭ ਹਰਨਾ ਹੈ।

ਕੁੱਝ ਤਾਂ ਇਛਾਰਾ ਕਰ, ਕਿਸ ਪਲ ਘੜੀ ਦਾ, ਉਡੀਕਦਾ ਤੈਨੂੰ,
ਤੂੰ ਆਪੇ ਪ੍ਰਗਟ ਹੋ ਜਾਂ ਖ਼ੁਦ ਮਿਟਾ ਮੈਨੂੰ।

# ਥਰਕਦੀ ਯਰਕਦੀ

ਖ਼ਿਆਲ ਮਹਾਵਤ ਬਣ ,
ਮਨ ਦੇ ਹਾਥੀ ਨੂੰ,
ਹਨੇਰੇ ਦੇ ਜੰਗਲ ਵਿੱਚ ਲੈ ਜਾਂਦਾ ਹੈ।

ਕਿਤੇ ਸੋਚ ਤਜ਼ਰਬੇ ਦੇ ,
ਗ਼ਾਰੇ ਵਿੱਚ ਨਾ ਧੱਸ ਜਾਵੇ,
ਕਲਮ ਨਾਲ ਆਰ ਲਾਂਦਾ ਹੈ।

ਚਲਿਆ ਜਾਂਦਾ ਹੈ,
ਮਸਤ ਉਹਨਾਂ ਕਾਲੀਆਂ ਰਾਤਾਂ ਦੇ ,ਸ
ਮਿਆਂ ਦੀਆਂ ਗਲੀਆਂ ਨਾਪਦਾ ।
ਭਾਲਦਾ ਅੱਖਰਾਂ ਤੇ ਸ਼ਬਦਾਂ ਦੇ ,
ਵਾਕਾਂ ਵਿੱਚ ਅਹਿਸਾਸ,
ਵਰਕਿਆਂ ਤੇ ਪੈੜਾਂ ਛਾਪਦਾ।

ਰੁੱਕ, ਠਹਿਰ, ਮੁੜ ਤੱਕ,
ਕਦਮਾਂ ਦੇ ਕਈ ਨਿਸ਼ਾਨ ਧੁੰਦਲੇ ,
ਯਾਦਾਂ ਮਿਟ ਜਾਗ ਲਿਪਟਦੀਆਂ ।

ਨੀਵੀਂ ਪਾ, ਮੂੰਹ ਚੱਕ, ਦਰੱਖ਼ਤਾਂ ਨਾਲੋਂ ਤਿੜਕ
ਟੁੱਟੀਆਂ ਕਦਰਾਂ ਟਾਹਣੀਆਂ,
ਚੜ੍ਹ ਵੇਲਾਂ ਪਿੱਟਦੀਆਂ।

ਕਿਤੇ ਗੁੱਸਾ - ਹਿਰਖ਼, ਸ਼ਰਮ, ਕਿਤੇ ਕਾਂਬਾ,
ਕਿਤੇ ਸੁੱਤਾ ਨੀਂਦ ਵਿੱਚ,
ਉੱਠ ਤੁਰਦਾ ਜਾਪਦਾ।

ਕੁਝ ਰਾਹਾਂ ਤੇ ਜਾਣ ਦਾ ਹੌਸਲਾ ਨਹੀਂ,
ਕੰਢੇ ਬੈਠ ,ਹਨੇਰੇ ਦੇ ਸਮੁੰਦਰ ਦੀ , ਗਹਿਰਾਈ ਮਾਪਦਾ।

ਅਚੇਤ ਦੀ ਪੈਲ਼ੀ ਵਿੱਚ ਦੱਬੇ ਬੀਜ ਨੂੰ,
ਸੁਚੇਤ ਵਿੱਚ ਵੱਧਦੇ ਦੇਖਦਾ।
ਰੁੱਖ਼ ਬਣ ਉਹ ਕਿਰਦਾਰ ਉਗਰ ਪੁੱਗਣਗੇ,
ਸੱਧਰਾਂ ਦੇ ਸਿਵਿਆਂ ਤੇ ਹੱਥ ਸੇਕਦਾ।

ਇਸ ਦੀਆਂ ਸੋਚਾਂ ਨੂੰ,
ਕਵਿਤਾ ਵਿੱਚ ਨੱਚਣ ਦੀ ਆਦਤ ਪੈ ਗਈ,
ਇਹ ਥੱਕਦੀ ਨਹੀਂ ਫ਼ਰਕਦੀ ਜਾ ਰਹੀ।
ਇਸਨੇ ਅੰਦਰਲਾ ਚੋਰ ਕੱਢ ਸ਼ਰੇਆਮ ਮਾਰਨਾ,
ਜਿਗਰਾ ਕਰੇ,
ਪਰ ਇਹ ਆਦਤ ਪੱਕਦੀ ਨਹੀਂ,
ਥਰਕਦੀ-ਯਰਕਦੀ ਜਾ ਰਹੀ।

# ਆ ਜਾ ਮੈਂ ਤੈਨੂੰ ਸਮੁੰਦਰ ਕਰਦਾਂ

ਤੇਰੇ ਨਕਸ਼ਾਂ ਵਿੱਚ ਗੂੜੇ, ਡੂੰਘੇ, ਸਿਆਹ ਰੰਗ ਭਰਦਾਂ।
ਤੈਨੂੰ ਕੱਚੇ ਘੜੇ ਦੇ ਮਿਹਣੇ ਤੋਂ ਸੁਰਖ਼ਰੂ ਕਰਦਾਂ।

ਪਹਾੜੀਂ ਬੇਘਰ ਕੀਤਾ ਤੂੰ ਝਰਨੇ ਬਣ ਛਾਲ ਮਾਰੀਂ।
ਕੰਢਿਆਂ ਵਿੱਚ ਬੰਨ੍ਹੀ ਤੂੰ ਵਲੇਟੀ ਪੁਲਾਂ ਵਿੱਚ ਸਾਰੀਂ।

ਆ ਜਾ, ਮੈਂ ਤੈਨੂੰ ਸਮੁੰਦਰ ਕਰਦਾਂ।

ਤੂੰ ਬੱਦਲਾਂ ਦੀ ਜਾਈ, ਉਹ ਬੇਲਗ਼ਾਮ ਘੁੰਮਦਾ ਹੈ।
ਉਭਾਰਾਂ ਨੂੰ ਤੱਕ, ਉਹ ਸ਼ਰੇਆਮ ਚੁੰਮਦਾ ਹੈ।

ਤੂੰ ਪੋਹ-ਮਾਘ ਦਾ ਸੁਫ਼ਨਾ, ਫ਼ੱਗਣ-ਚੇਤ ਦਾ ਸਵੇਰਾ।
ਜੇਠ-ਹਾੜ੍ਹ ਦੀ ਬੇਚੈਨੀ, ਤੂੰ ਸਉਣ-ਭਾਦੋਂ ਦਾ ਲਵੇਰਾ।

ਆ ਜਾ, ਮੈਂ ਤੈਨੂੰ ਸਮੁੰਦਰ ਕਰਦਾਂ!

ਸੁਣਾਉਂਦੇ ਭੇਦ ਆਪਣੇ ਸੂਰਜ, ਚੰਦ, ਬੇੜੀ,
ਪੱਥਰ, ਰੋੜ੍ਹ, ਕਾਹੀ, ਰੁੱਖੜੇ।
ਭੰਵਰ, ਛੱਲ਼, ਤੇਜ਼, ਵੇਗ, ਟਹਿਣ, ਡੁੱਬ, ਤਰ,
ਖੋਜਣ ਆਪਣੇ ਮੁੱਖੜੇ।

ਉੱਠਦੇ ਬਾਜ਼, ਕੰਢੇ ਖੜ੍ਹੇ ਮਾਹੀਗੀਰਾਂ ਨੇ ਢਿੱਡ ਭਰੇ ਨੇ।
ਤੂੰ ਕੋਸਾ, ਠੰਡ, ਬਰਫ਼, ਖੜ੍ਹ, ਸੁੱਕ, ਤੁਰ, ਹਾਲਾਤ ਤਰੇ ਨੇ।

ਆ ਜਾ, ਮੈਂ ਤੈਨੂੰ ਸਮੁੰਦਰ ਕਰਦਾਂ।

ਤੈਥੋਂ ਇੱਕ ਗੱਲ ਪੁੱਛਾਂ, ਤੇਰੇ ਪਿੰਡੇ ਨਾਲ ਡਰ ਦਾ ਕੀ ਰਹਿਣਾ।
ਤੂੰ ਚਿੱਟੇ ਦਿਨ ਆਵੀਂ, ਮਿਹਣਾ ਦੁਨੀਆਂ ਦਾ ਨਹੀਂ ਮੈਂ ਕੋਈ ਸਹਿਣਾ।

ਨਦੀ, ਕੱਸੀ, ਵੇਈਂ, ਮਿੱਠੇ ਕਈ ਨਾਮ ਤੇਰੇ ਨੇ।
ਖ਼ਾਰਾ, ਪਿਆਰਾ, ਅਵਾਰਾ, ਕਈ ਉਪਨਾਮ ਮੇਰੇ ਨੇ।

ਆ ਜਾ, ਤੂੰ ਮੈਨੂੰ ਸੁਰਖ਼ਰੂ ਕਰਦੇ!

# ਜੈਕਾਰਾ ਗਜ਼ਾਵੇ ਨਿਹਾਲ ਹੋ ਜਾਵੇ

ਸੁੱਚੀ ਸੋਚ ਦਾ ਇਹ ਕਮਾਲ ਹੋਇਆ,
ਝੁਕ ਕੇ ਮੇਲਿਆਂ ਸਾਡੇ ਨਾਮ ਰੱਖ ਲਏ।

ਖੱਟੇ-ਮਿੱਠੇ ਤੱਕ ਮਹਿਦੂਦ ਮਹਿਕੂਮ ਜਿਹੜੇ,
ਉਹਨਾਂ ਰੁੱਤਾਂ ਨੇ ਆਬੇ-ਹਯਾਤ ਚੱਖ਼ ਲਏ।

ਚਿੜੀਆਂ ਝਿੜੀਆਂ ਨੇ ਅੰਮ੍ਰਿਤ ਦੇ ਪੀ ਚੱਪੇ,
ਬਾਜ਼ਾਂ ਨੇੜਿਆਂ ਸਵਾ ਲੱਖ ਰੂਪ ਧਰ ਲਏ।

ਪੀਰਾਂ, ਪੱਥਰਾਂ, ਮੜ੍ਹੀਆਂ ਦੇ ਛੱਡ ਖਹਿੜੇ,
ਆਪਣੇ ਨਾਂ ਦੇ ਕੌਰਾਂ ਤੇ ਸਿੰਘ ਕਰ ਲਏ।

ਨੰਗੀ ਕਰਦ ਜਿਹਨਾਂ ਲਾਈ ਨਾ ਹੱਥ ਕਾਈ,
ਬਣ ਫ਼ੋਲਾਦ ਉਹ ਹੁਕਮਰਾਨ ਗੱਜ ਪਏ।

ਪੈਰੀ ਜੁੱਤੀ ਉੱਤੇ ਦਸਤਾਰ ਨਾ ਹੇਠ ਘੋੜਾ,
ਸਾਬਤ-ਸੂਰਤ ਉਹ ਅੱਜ ਪਾਤਸ਼ਾਹ ਸੱਜ ਗਏ।

"ਜੈਕਾਰਾ ਗਜ਼ਾਵੇ, ਨਿਹਾਲ ਹੋ ਜਾਵੇ",

ਨਿਰਲੇਪ, ਨਿਰਪੇਖ, ਨਿਸ਼ਠਾਈ, ਆਪੇਖਕ,
ਸਮਕਾਲੀ, ਨਿਰੰਤਰ, ਕੁਦਰਤ, ਸਾਪੇਖਕ,
ਪਸਾਉ, ਆਨੰਦੀ, ਗਿਆਨਾਂ, ਪਰਵਾਜਾਂ,
ਅਰਬਦ, ਨਰਬਦ, ਗੂੰਜਾਂ, ਆਵਾਜ਼ਾਂ,
ਰਸ, ਰੂਪ, ਸਰਗੁਣ, ਸਮਕਾਲੀ, ਖ਼ਿਆਲੀ,
ਕਲਪਨਾ, ਗਿਆਨ, ਬੋਹਥ, ਭਿਆਲੀ,
ਨਿਸਚਾ, ਸਿਰੜਾਂ, ਸਿਦਕਾਂ ਕਰਤਾਰੇ,
ਇਲਾਹੀ, ਰੋਸ਼ਨ, ਕਾਦਿਰ, ਨਮਸਕਾਰੇ।

# ਸ਼ੀਸ਼ੇ ਦੇ ਅੱਗੇ

ਬੇਹੋਸ਼ੀ 'ਚੋਂ ਉੱਠ ਸ਼ੀਸ਼ੇ ਦੇ ਅੱਗੇ ਜਾ ਖੜ੍ਹਦਾ ਹਾਂ
ਮੈਂ ਆਪਣੇ ਪਰਛਾਵੇਂ ਦੀਆਂ ਅੱਖਾਂ ਨੂੰ ਪੜ੍ਹਦਾ ਹਾਂ।

ਟਿੱਕ-ਟਿੱਕ ਦੇਖਦਾਂ ਤੇ ਖੋਲ੍ਹਦਾ ਨੈਣਾਂ ਦੀਆਂ ਬਾਰੀਆਂ
ਸ਼ਿਕਵੇ, ਖ਼ਿਆਲ, ਸੋਚਾਂ, ਹਸਰਤਾਂ ਉਡਾਰੀਆਂ।

ਸੁਚੇਤ 'ਚੋ ਚਾਹੁੰਦਾ ਮਾਪਣਾ ਦੂਰੀ ਤੇ ਡੂੰਘਾਈ ਨੂੰ।
ਕੰਢੇ ਪਏ, ਕਈ ਤੱਕਦੇ, ਜਿਸਮ ਤੱਕਣ ਸੂਰਜ ਦੀ ਛਿਪਾਈ ਨੂੰ।

ਸੁਣਿਆ ਚੰਦ ਦਾ ਬੜਾ ਅਸਰ ਹੈ ਇਸਦੇ ਉੱਤੇ।
ਮੱਸਿਆ ਨੂੰ ਇਹ ਸੌਂਦਾ, ਪੂਰਨਮਾਸ਼ੀ ਨੂੰ ਭੌਂਕਦੇ ਕੁੱਤੇ।

ਇਸ ਹਲਚਲ ਵਿੱਚ ਕਈ ਰੂਹਾਂ ਨੇ ਨੇੜੇ ਆਉਣਾ ਹੈ।
ਸਿਦਕ ਸਬੂਰੀ ਭੁੱਲ, ਤੱਪਦੇ ਪਿੰਡੇ ਨੂੰ ਹੱਥ ਲਾਉਣਾ ਹੈ।



ਅਚੇਤ ਹੋ ਸੋਚਦਾ ਕਿ ਮੈਂ ਨਹੀਂ ਸੋਚਦਾ।
ਡੁੱਬ ਕੇ ਦੇਖਾਂ, ਤਾਰੀ ਲਾਵਾਂ, ਲੱਭ ਲਿਆਣਾ ਲੋਚਦਾ।

ਸਫ਼ਰ ਹੋ ਗਿਆ ਸ਼ੁਰੂ, ਇਹਦੇ ਤਲ ਤਾਈਂ ਜਾਣਾ ਹੈ।
ਪੀਰੀ ਜਾਪੇ ਮੀਰੀ ਲੱਗੇ, ਪਰ ਅੰਦਰੋਂ ਬਾਲ ਨਿਆਣਾ ਹੈ।

ਕਈ ਪਰਦੇ ਖੁਲ੍ਹਣੇ ਨੇ, ਚਾਹੇ ਘੁੱਪ ਹਨੇਰਾ ਹੈ।
ਸਿਦਕਾਂ ਚਾਹਾਂ ਯਾਦਾਂ ਕਰਮਾਂ ਦਾ ਇੱਥੇ ਡੇਰਾ ਹੈ।

ਸੁੱਤ ਉਨੀਂਦਰੇ ਨੇ ਛਿੱਟੇ ਮਾਰ ਨਕਾਬ ਚੜ੍ਹਾਏ ਨੇ।
ਹੁਣ ਜੱਗ ਨੂੰ ਹੈ ਮਿਲਣਾ, ਕਈ ਬੁਰਕੇ ਪਾਏ ਨੇ।

# ਭਾਣੇ ਵਿੱਚ ਰਹਿੰਦਾ

ਉਹ ਖ਼ਿਆਲਾਂ ਦੇ ਰਸਤਿਆਂ ‘ਤੇ ਤੁਰਦਾ,
ਅਪਣਾਇਆਂ ਤੋਂ ਲੈ ਵਿਦਾ,
ਮੁੜ ਆਪਣਿਆਂ ਕੋਲ ਜਾ ਰਿਹਾ।

ਇੱਕ ਮਖ਼ੌਟਾ ਲਾਹ, ਸ਼ੀਸ਼ੇ ਵਿੱਚ ਖ਼ੁਦ ਨੂੰ ਤੱਕ,
ਯਕੀਨ ਕਰ ਮਖ਼ੌਟਾ,
ਦੂਜਾ ਸਜਾ ਰਿਹਾ।

ਤਰਦੇ ਸ਼ਬਦਾਂ ਨੂੰ
ਚਿਹਰਿਆਂ ਦੀਆਂ ਆਵਾਜ਼ਾਂ 'ਚ ਦੌੜਦੇ ਦੇਖਦਾ,
ਕਿ ਕਿੰਨੇ ਹਸੀਨ ਨੇ?

ਅੱਖਰਾਂ ਦੇ ਨਕਸ਼ਾਂ ਵਿਚਲੇ ਭੇਦ,
ਰਸਤੇ ਲੱਭੇ ਗਵਾਚੇ,
ਅਵੇਸਲੇ ਕਿੰਨੇ ਮਹੀਨ ਨੇ?

ਆਪਣੇ ਪਰਛਾਵੇਂ ਹੇਠ ਖੜ੍ਹਾ,
ਉਸ ਪਹਾੜ
ਨਿੱਕਾ ਜਿਹਾ ਜਾਪੇ।

ਉਸਦਾ ਕੱਦ ਵੱਧ ਰਿਹਾ,
ਉਹ ਆਸਮਾਨ ਨਾਲ
ਖ਼ੁਦ ਨੂੰ ਮਾਪੇ।

ਬਾਰੀਕ ਰਮਜ਼ਾਂ ਨੂੰ ਟੋਂਹਦਾ,
ਦਰੱਖ਼ਤ-ਰੁੱਖ਼
ਛੋਟੇ ਦਿੱਖ਼ ਰਹੇ।

ਉਹ ਰੂਹਾਂ ਨੂੰ ਛੋਹਦਾ,
ਚਾਨਣ-ਹਨੇਰੇ
ਲੇਖ ਲਿਖ ਰਹੇ।

ਵਾਕਾਂ ਦੇ ਪਿੰਡੇ ਤੋਂ ਉਹ,
ਉੱਠ ਮਨ-ਮੰਡਲਾਂ ਵਿੱਚ ਵਹਿੰਦਾ।

ਸਮੇਂ, ਖ਼ਲਾਅ, ਜਿਉਂਦਾ,
ਹੁਕਮ, ਨਦਰਿ, ਰਜ਼ਾ,
ਭਾਣੇ ਵਿੱਚ ਰਹਿੰਦਾ।

# ਸਿਰੜਾਂ ਦਾ ਮੀਂਹ

ਮਨ ‘ਤੇ ਸ਼ਬਦਾਂ ਦੇ ਬੱਦਲ ਛਾਏ,
ਖ਼ਿਆਲ ਉਮੜ ਆਏ।

ਦਿਲ ਨੇ ਕਿਹਾ,
ਜ਼ਰੂਰ ਕਵਿਤਾ ਦਾ ਮੀਂਹ ਪਊ!

ਅੱਖਾਂ ਚਮਕਣ, ਪਿੰਡੇ ਦਮਕਣ,
ਪੋਟਾ ਰੋਮ-ਰੋਮ ਖਿੜ ਜਾਊ।

ਦਿਲ ਨੇ ਕਿਹਾ,
ਜ਼ਰੂਰ ਕਵਿਤਾ ਦਾ ਮੀਂਹ ਪਊ!

ਸੁਣ, ਛੋਹ, ਵੇਖ, ਸੁੱਝ, ਮਹਿਸੂਸ ਕਰ,
ਉਹ ਕੱਸੀ ਵਗ਼ ਪਈ।

ਫੜ ਦੇਹੀ ਦਾ ਪੰਨਾ, ਜੋੜ ਕਿਸ਼ਤੀ,
ਸ਼ਬਦ ਬਣ ਵਾਕ, ਕਵਿਤਾ ਜਗ ਪਈ।

ਦਿਲ ਨੇ ਕਿਹਾ,
ਜ਼ਰੂਰ ਰਹਿਮਤ ਦਾ ਮੀਂਹ ਪਊ!

ਬੇਮੁਹਾਰੇ ਜਾਣ ਦੇ ਵਜ਼ੂਦ ਨੂੰ,
ਸੁਰਤਿ ਦੇ ਵੇਗ਼ ਵਿੱਚ,
ਨਾ ਖ਼ਿਆਲਾਂ ਦਾ ਮਲਾਹ ਬਣੀ।

ਪੋਟੇ ਹਵਾ 'ਚ ਲਹਿਰਾ, ਨਾ ਫ਼ੜ ਕਣੀਆਂ ਨੂੰ,
ਨਾ ਭਿੱਜਣ ਦਾ ਡਰ ਜਣੀ।

ਟਕਰਾਉਣ ਦੇ ਜਜ਼ਬਾਤਾਂ ਨਾਲ ਸਿਦਕਾਂ ਦੀ ਬੇੜੀ ਨੂੰ,
ਬੁਲਬੁਲੇ ਵਰਗੀ ਫ਼ਾਨੀ ਉਮੜ ਸਹੇੜੀ ਨੂੰ।

ਦਿਲ ਨੇ ਕਿਹਾ,
ਜ਼ਰੂਰ ਸਿਰੜਾਂ ਦਾ ਮੀਂਹ ਪਊ!

# ਸ਼ਹੀਦਾਂ ਨਾਲ ਮੁਲਾਕਾਤ

ਮੇਰੀ ਮਾਂ ਮੈਨੂੰ ਅੱਜ ਖ਼ਾਬ ਵਿੱਚ ਲੈਣ ਆਈ,
ਚੱਲ ਉੱਠ!!
ਸਿਫ਼ਤੀ ਦੇ ਘਰ ਚੱਲੀਏ, ਇਹ ਕਹਿਣ ਆਈ।

ਤੇ ਸਾਊ ਪੁੱਤ ਤੁਰ ਪਿਆ, ਅੰਮੀ ਦਾ ਪੱਲਾ ਫ਼ੜ ਕੇ।
ਚਾਰੇ ਪਾਸੇ ਪਹਿਰਾ ਸੀ, ਮੈਂ ਵੀ ਖੜ੍ਹ ਗਿਆ ਅੜ ਕੇ।

ਸੰਗਮਰਮਰ ਤੇ ਪੱਬ ਧਰਾਂ, ਕਰਾਂ ਸਿਰਾਂ ਦੀ ਗਿਣਤੀ
ਹਲ ਸਿੱਲ ਦੇ ਥੱਲੇ ਸੀਸ ਕਿੰਨੇ, ਇਹ ਕਰਾਂ ਮਿਣਤੀ।

ਸਰੋਵਰ ਵੱਲ ਨਿਗਾਹ ਮਾਰੀ, ਅੱਖ ਮੇਰੀ ਝੁਕ ਗਈ।
ਹਰਿਮੰਦਿਰ ਕੀ ਬਿਆਨ ਕਰਾਂ, ਬੋਲੀ ਮੇਰੀ ਮੁੱਕ ਗਈ।

ਉਹ ਬੇਰੀ ਵੀ ਹਰੀ ਤੇ ਬਾਬਾ ਦੀਪ ਸਿੰਘ ਗੱਜਦਾ।
ਉਹ ਮੀਰੀ ਪੀਰੀ ਜਿਉਂਦੀ ਜੋ, ਉਹ ਤਖ਼ਤ ਵੀ ਸੱਜਦਾ।

ਸਮਾਂ ਜਿਵੇਂ ਖੜੋ ਗਿਆ ਤੇ ਆਨੰਦ 'ਚ ਵਹਿ ਗਿਆ।
ਜ਼ਮੀਰਦਾ ਮਰਨਾ ਮੌਤ ਹੈ, ਯੋਧਾ ਉਹ ਕਹਿ ਗਿਆ।

ਤਿਲ, ਫ਼ੁੱਲ ਸੇਵਾ ਪਾਈ ਮੇਰੀ ਮਾਂ ਨੇ।
ਸ਼ਹੀਦਾਂ ਵਾਲੀ ਥਾਂ ਮੱਥਾ ਟਿਕਾਈ ਕੀਤੀ ਮੇਰੀ ਮਾਂ ਨੇ।

ਫ਼ੜ ਲਈ ਮੈਂ ਜ਼ਿੱਦ, ਕਾਲਾ ਸਾਫ਼ਾ ਲੈਣ ਦੀ।
ਝੱਟ ਜਿਹੇ ਉਹ ਮੰਨ ਗਈ,
ਬਸ ਦੇਰ ਸੀ ਉਹ ਕਹਿਣ ਦੀ।

ਫ਼ੇਰ ਆਈ ਆਵਾਜ਼ ਤੇ ਖ਼ਾਬ ਮੇਰਾ ਟੁੱਟ ਗਿਆ।
ਸਰੋਵਰ 'ਚ ਚੁਭੀ ਲਾਈ ਹੱਥ ਮੇਰਾ ਛੁੱਟ ਗਿਆ।

ਨੀਦੋਂ ਉੱਠੀ ਕਲਮ ਚੱਕੀ,
ਸਿਆਹੀ ਸੀ, ਦਵਾਤ ਸੀ।

ਸਿਹਰਾ ਸੀ, ਪਰਸ਼ਾਦ ਸੀ,
ਸ਼ਹੀਦਾਂ ਨਾਲ ਮੁਲਾਕਾਤ ਸੀ!

# ਤੇਰੀ ਹੋਂਦ ਦੇ

ਤੇਰੀ ਹੋਂਦ ਦੇ ਚਾਨਣ ਵਿੱਚ ਬੈਠਾ,
ਅੱਖਾਂ ਮੁਦੇੜ ਸਮਾਧੀ ਵਿੱਚ ਜਾਗਦਾ,
ਮੈਂ ਤੇਰੀ ਅਣਦਿੱਖ ਰੌਸ਼ਨੀ ਦੇ ਅਮੁੱਕ,
ਉੱਜਲ ਵਿਸਤਾਰ ਨੂੰ ਜਾਣਦਾ।

ਅਚੇਤ ਵਿੱਚ ਤੱਕ,
ਅਣਕਹੇ ਸ਼ਬਦਾਂ ਦੀਆਂ ਅਮਿੱਟ ਪੈੜਾਂ ਦੇ,
ਬੁੱਲ੍ਹਾਂ ਵਿਚਲੇ ਮਿੱਠੇ ਹਾਸਿਆਂ ਵਿੱਚੋਂ,
ਕਿਰਦੀਆਂ, ਉੱਠਦੀਆਂ, ਮਹਿਕਾਂ, ਟਹਿਕਾਂ,
ਟੋਹਾਂ, ਛੋਹਾਂ ਨੂੰ ਮਾਣਦਾ।

ਸੋਚ ਸ਼ਬਦਾਂ ਦਾ ਆਸਰਾ-ਢਾਸਰਾ ਲੈ,
ਵਾਕਾਂ ਵਿਚਲੇ ਮਲੂਕ ਜਜ਼ਬਿਆਂ ਦੀ ਲਗ਼ਰ ਨੂੰ ਖੋਲ੍ਹਦਾ,
ਕਿ ਅਸੀਮ ਕਵਿਤਾ ਵਿੱਚ ਰੁੜ੍ਹ ਵਹਿ ਸਕਾਂ।

ਤੇਰੇ ਲੋਅ ਦੀ ਛਾਤੀ 'ਚੋਂ ਉੱਠਦੇ ਮੇਰੇ ਜਜ਼ਬਾਤਾਂ ਦਾ ਸਫ਼ਰ,
ਗਲ਼ੇ, ਜੀਭ, ਮੁਖ ਤੱਕ ਅੱਪੜ,
ਮੈਂ-ਤੂੰ-ਤੈਨੂੰ ਇੱਕ ਕਹਿ ਸਕਾਂ।

ਮੈਲ਼ਾ ਮੈਂ ਜੋ ਤੱਕਾਂ ਸੋਚ ਦੇ ਫ਼ੇਰ ਵਿੱਚ,
ਖ਼ੁਦ ਛੋਹ ਤੇਰੇ ਅਸੀਮ ਸਮੁੰਦਰਾਂ ਦੀ ਗਹਿਰਾਈ ਨੂੰ,
ਮੈਂ ਪੁਣਦਾ, ਧੋਂਦਾ, ਮੈਂ ਛਾਣਦਾ।

ਤੇਰੀ ਮੁਕੰਮਲ ਹਸਤੀ ਦੀ ਬਉਲੀ ਵਿੱਚ,
ਮੈਂ ਆਪਣੇ ਅਧੂਰੇ ਸਫ਼ਰ ਦੇ ਗੀਤ ਦੀ,
ਅਣਕਿਆਸੀ ਅੰਤਲੀ ਪੌੜੀ ਨੂੰ ਭਾਲਦਾ।

ਮੈਂ ਫ਼ੁੱਲਾਂ ਦੀ ਰਾਖੀ ਕਰਦਾ,
ਔਹਰੀਆਂ ਤੇਜ਼ ਹਵਾਵਾਂ ਨੂੰ ਤਾੜਦਾ,
ਭੌਰਾ ਖ਼ੁਦ ਬਣ ਕੰਢਿਆਂ ਦੀ ਨੋਕ ਤਣ ਕੇ।

ਰਸ ਚੂਸ ਲਵਾਂ ਬਲ਼ਦੀ ਲਾਟ ਦਾ,
"ਐਦਾਂ ਦਿਖੇ ਦੁਨੀਆਂ ਨੂੰ”,
ਮੈਂ ਖ਼ੁਦ ਨੂੰ ਮੇਟ ਲਵਾਂ,
ਤੇਰਾ ਬੇਸੁਰਤ ਕਲਾਮ ਬਣਕੇ।

# ਮੈਨੂੰ ਬਖ਼ਸ਼ਦੇ

ਜਦ ਵੀ ਪੰਨੇ ਦੇ ਪਿੰਡੇ ਨੂੰ ਚੁਮਦਾਂ, ਦਿਲ ਦੀ ਕਲਮ ਦੇ ਨਾਲ।
ਸੋਚਾਂ ਦੀ ਸਿਆਹੀ ਮਹਿਕਦੀ, ਪੈਰਾਂ ਤੋਂ ਲੈ ਸਿਰ ਦੇ ਵਾਲ।

ਕਿੱਦਾਂ ਕਿਆਸ ਕਰਾਂ, ਕੀ ਖ਼ਯਾਲ ਕਰਾਂ,
ਕੀਤੇ ਐਦਾਂ ਹੋਵੇ, ਕੋਈ ਵਾਕਾ ਹੋਵੇ
ਜਿਸਨੂੰ ਬਯਾਂ ਨਾ ਕਰ ਸਕਾਂ, ਆਪਣੇ ਵਜੂਦ ਦੇ ਨਾਲ

ਮੈਂ ਭਾਲ ਰਿਹਾ...

ਮੈਂ ਲੱਭ ਰਿਹਾ...

ਮੈਂ ਤਲਾਸ਼ ਰਿਹਾ...

ਮੈਂ ਫੋਲ ਰਿਹਾ...

ਮੈਂ ਖੋਜ ਰਿਹਾ...

ਮੈਂ ਖੋਲ ਰਿਹਾ...

ਪੁੱਛ ਕੀ?



ਪਿੰਡੇ ਤੋਂ...ਪੰਨੇ ਦਾ ਫ਼ਾਸਲਾ

ਸ਼ਬਦ ਤੋਂ...ਸੁਨ ਦਾ ਫ਼ਾਸਲਾ

ਏਕਾਂਤ ਤੋਂ...ਇਕੱਲੇਪਣ ਦਾ ਫ਼ਾਸਲਾ

ਜਿੰਦਗੀ ਤੋਂ...ਮੌਤ ਦਾ ਫ਼ਾਸਲਾ

ਪਾਗਲਪਨ ਤੋਂ...ਬੰਦਗੀ ਦਾ ਫ਼ਾਸਲਾ

ਵਫ਼ਾਦਾਰੀ ਤੋਂ...ਬੇਵਫਾਈ ਦਾ ਫ਼ਾਸਲਾ

ਸੁਚੇਤ ਤੋਂ...ਅਚੇਤ ਦਾ ਫ਼ਾਸਲਾ

ਖੀਵੇ ਤੋਂ...ਸੂਫੀ ਦਾ ਫ਼ਾਸਲਾ

ਪਿਆਰ ਤੋਂ...ਸੋਦੇ ਦਾ ਫ਼ਾਸਲਾ

ਸ਼ਾਇਦ... ਸ਼ਾਇਦ!
ਸ਼ਾਇਦ...ਇਕ ਸਾਹ
ਸ਼ਾਇਦ...ਇਕ ਅੱਖਰ

ਮੈਂ ਤੈਥੋਂ ਉਧਰ ਲੈ ਲਵਾਂ ,ਜਾਂ ਤੂੰ ਮੈਨੂੰ ਬਖਸ਼ਦੇ
ਇਕ ਸਾਹ ,ਇਕ ਅੱਖਰ ,ਇਕ ਇਕਰਾਰ!

# ਜਾਗੇ ਜਾਂ ਸੁੱਤੇ

ਕਿੰਨੀ ਕੁ ਲੰਘੀ, ਕਿੰਨੀ ਕੁ ਰਹਿੰਦੀ?
ਕੰਢਾ ਹੈ ਪੁੱਛਦਾ, ਨਦੀ ਜੋ ਵਹਿੰਦੀ।

ਪਹਾੜਾਂ ਉਚਾਈ, ਸਫ਼ਰ ਪੈੜਾਂ ਨੇ ਕੀਤਾ ।
ਆਲਮ ਡੂੰਘਾਈ, ਫ਼ੜ ਸਾਗਰ ਦਾ ਫ਼ੀਤਾ।

ਪਾਣੀ 'ਚ ਤਰਦੇ, ਸਮੁੰਦਰਾਂ 'ਚ ਸੌਂਦੇ।
ਜੁਗਨੂੰ ਬਣ ਤਾਰੇ, ਰਾਤਾਂ ਨੂੰ ਭੌਂਦੇ।

ਮਾਰ ਲੀਕਾਂ-ਝਰੀਟਾਂ, ਆਰ ਆਪ ਲਿਖਾਵੇ ।
ਅੰਦਰ ਜਦ ਤੱਕਾਂ, ਧੂਹ ਬਾਹਰ ਦਿਖਾਵੇ।

ਮਹਾਂਰਾਗ ਸਦੀਵੀ, ਨਿਰੰਤਰ ਸੂਰਜ ਵੀ ਜਲ਼ਦਾ ।
ਨਿਰਵਿਘਨ ਆਪਾ ਮਚਾਵੇ, ਸਿਦਕਾਂ ਵਿੱਚ ਪਲ਼ਦਾ।

ਹਨੇਰੇ ਤੇ ਕਿਰਨਾਂ, ਚੜ੍ਹਦੇ ਤੇ ਲਹਿੰਦੇ।
ਦਰੱਖ਼ਤਾਂ ਨੇ ਸੁਣਨਾ, ਸਜਦੇ 'ਚ ਖ਼ਹਿੰਦੇ।

ਤਕਸੀਰਾਂ ਦੀਆਂ ਬਾਤਾਂ, ਜ਼ਮੀਰਾਂ ਦੇ ਥੱਲੇ।
ਗਿਲਾਫ਼ਾਂ ਦੇ ਹੇਠਾਂ, ਫ਼ਰਸ਼ ਕੀੜੇ ਨੇ ਮੱਲੇ।

ਟਿੰਡਾਂ ਦੀ ਚੂ ਚੂ, ਖੋਪੇ ਤੇ ਗਾਧੀ।
ਚਾਨਣ ਵਿੱਚ ਭਉਣਾ, ਤੱਕ ਉੱਲੂ ਸਮਾਧੀ।

ਬਾਣੀ ਤੇ ਰਾਗਾਂ, ਘੁੰਮਦੀ ਤੇ ਠੱਲ੍ਹਦੀ।
ਸਿਦਕਾਂ ਦੀ ਮਹਿੰਦੀ, ਸੁਰਤਾਂ ਤੇ ਮਲ਼ਦੀ।

ਸਾਜਾਂ ਦੀ ਧੁੰਨ ਵਿੱਚ, ਆਕਾਰਾਂ ਦੀ ਬੋਲੀ ।
ਤਹਿ ਵਿੱਚ ਜਾ ਬੈਠੀ, ਸਤਰੰਗੀ ਜਿਹੀ ਮੌਲ਼ੀ।

ਨੰਗੀਆਂ ਨੇ ਰੂਹਾਂ, ਲਹਿ ਗਏ ਨੇ ਪਰਦੇ।
ਅਸੀਂ ਜਾਗੇ ਜਾਂ ਸੁੱਤੇ, ਜੀਊਂਦੇ ਜਾਂ ਮਰਦੇ।

# ਜਿੰਨਾ ਕੁ ਭਾਂਡਾ ਬਖਸ਼ਿਆ

ਕਿਤੇ ਸਾਹਾਂ ਤੇ ਖ਼ਿਆਲਾਂ ਦਾ ਮੇਲ ਹੋ ਜਵੇ ।
ਕਿਤੇ ਦੇਖਣੇ ਤੇ ਡੰਗਣੇ ਦਾ ਖੇਲ ਹੋ ਜਵੇ ।

ਜਿਸ ਅੱਗ ਰਾਹੀਂ ਮੈਂ ਵਗ ਰਿਹਾ ।
ਜਿਉਣ ਮਰਨ ਦਾ ਮਾਇਨਾ ਲੱਭ ਗਿਆ।

'ਕਿਉਂ' ਜੇ ਮਿਲ ਜਾਵੇ ਜ਼ਿੰਦਗੀ ਦੀ ਚਾਲ ਵਿੱਚ ।
ਫ਼ੇਰ ਝੱਲਾਂਗਾ ਮੁਸ਼ਕਲਾਂ ਮੈਂ ਹਰ ਹਾਲ ਵਿੱਚ।

ਫ਼ੇਰ ਇਹ ਸਵਾਲ ਵੀ ਕਰਦਾਂ

ਕਿ ਜ਼ਿੰਦਗੀ ਨੂੰ ਚਾਹੁਣਾ? ਕਿ ਜ਼ਿੰਦਗੀ ਤੋਂ ਚਾਹੁਣਾ?
ਹਰ ਰੋਜ਼ ਕੱਪੜੇ ਪਾਉਣੇ ਕਿ ਇੱਕ ਦਿਨ ਚੋਲਾ ਲਾਉਣਾ।

ਆਵੇ ਮੈਨੂੰ ਸੁਪਨਾ ਕਦੇ ਕਦਾਈਂ ਆਪਣੇ ਘਰ ਜਾਣ ਦਾ ।
ਸੁਰਤਿ ਨਾੜੂਆ ਲਗਾ, ਜ਼ੇਰ ਜਿਹਾ ਵੇਸ, ਢਿੱਡ ਪਾਣ ਦਾ।

ਦੁਨੀਆਂ ਨੂੰ ਉਲਟਾ ਦੇਖਦਾ, ਮੈਂ ਮੁਦਰਾ ਸਜਾਈ ਹੋਈ ਏ ।
ਉਹ ਅੱਗ ਦੀ ਭੱਠੀ ਤੱਪਦੀ, ਮੈਂ ਲਿਵ ਲਾਈ ਹੋਈ ਏ।

ਕਾਸ਼! ਮੈਂ ਕਿਤੇ ਜੇ ਬੋਲਦਾ।
ਪਰਲੇ ਪਾਰ ਦੇ ਭੇਦ ਖੋਲ੍ਹਦਾ।

ਕਿਤੇ ਹੁਣ ਵੀ ਮੈਂ ਪੁੱਠਾ ਤਾਂ ਨਹੀਂ ਸੋਚਦਾ?
ਕਿਤੇ ਮੈਂ ਹੁਣ ਟੰਗਿਆ, ਉਲਟਾ ਸਿੱਧਾ ਹੋਣਾ ਤਾਂ ਨਹੀਂ ਲੋਚਦਾ।

ਇੱਕ ਤੋਂ ਦਸ ਸਿਰਫ਼ ਸਿਫ਼ਰ ਦਾ ਹੀ ਤਾਂ ਫ਼ਰਕ ਹੈ।
ਰੋਸ਼ਨੀ ਨੇ ਪਰਮ ਨੂੰ ਮਿਲਣਾ, ਇਹ ਵੀ ਤਾਂ ਇੱਕ ਤਰਕ ਹੈ।

ਪਰ ਮੈਂ ਯਕੀਨ ਦੀ ਦੁਨੀਆਂ ਵਿੱਚ ਵੱਸ ਰਿਹਾ।
ਬਾਂਦਰ ਕਰੇ ਤਮਾਸ਼ਾ, ਉਹ ਮਦਾਰੀ ਹੱਸ ਰਿਹਾ।

ਤੂੰ ਪਾਣੀ ਤੋੜ, ਮੈਨੂੰ ਬਾਹਰ ਆਣ ਦੇ।
ਬਾਹਰ ਨਹੀਂ ਸ਼ਾਇਦ ਅਗਲੇ ਗਰਾਂ ਜਾਣ ਦੇ।

ਕਿਉਂ ਮੈਂ ਖ਼ਿਆਲ ਉਡਾਰੀ ਤਾਂ ਨਹੀਂ ਤਰ ਰਿਹਾ।
ਜਿੰਨਾ ਕੁ ਭਾਂਡਾ ਬਖਸ਼ਿਆ, ਮੈਂ ਉਂਨਾ ਹੀ ਤਾਂ ਭਰ ਰਿਹਾ।

# ਮੈਂ ਮੈਂ ਨੂੰ ਮੁਕਾ ਕੇ

ਮੈਂ, ਮੈਂ ਨੂੰ ਮੁਕਾ ਕੇ, ਖ਼ੁਦ ਨੂੰ ਸਮੇਟ ਲੈਂਦਾ ਹਾਂ,
ਇੱਥੇ ਪਰੇ, ਉਹ ਮੈਂ, ਮੈਂ ਉਹ, ਖ਼ੁਦ ਵਿੱਚ ਲਪੇਟ ਲੈਂਦਾ ਹਾਂ।

ਲੋਰੀ ਦੀ ਧੁੰਨ, ਦੁੱਧ ਦੀ ਖ਼ੁਸ਼ਬੋ, ਬੁੱਕਲ ਦੀ ਮਹਿਕ,
ਉਂਗਲ ਫ਼ੜ, ਅੱਖਾਂ ਮੁਦੇੜ, ਛਾਤੀ ਨਾਲ, ਖ਼ੁਦ ਹੀ ਨੂੰ ਚਮੇੜ ਲੈਂਦਾ ਹਾਂ।

ਭੌਂਦਾ ਹਾਂ ਨੀਂਦ ਵਿੱਚ ਸੁਪਨੇ ਦੀ ਭਾਲ ਖ਼ਾਤਿਰ, ਕਿ ਸੱਚ ਹੀ ਹੋਵੇ,
ਅੱਧੀ ਰਾਤ ਉੱਠ ਜਾਗ, ਉਨੀਂਦਰਾ ਸਹੇੜ ਲੈਂਦਾ ਹਾਂ।

ਉੱਠਦਾ, ਰਿੜਦਾ, ਤੁਰਦਾ, ਦੌੜਦਾ, ਬਰਫ਼, ਨਦੀ, ਝਰਨੇ, ਸਮੁੰਦਰ ਵਾਂਗੂ,
ਭਾਫ ਬਣ ਬੱਦਲਾਂ ਵਿੱਚ ਵਹਿ, ਅੰਬਰਾਂ ਨੂੰ ਚੁੰਮ ਚਮੇਟ ਲੈਂਦਾ ਹਾਂ।

ਵਰ੍ਹਨਾ ਕਿਸ ਪਹਾੜੀ, ਫ਼ੁੱਲ, ਬਿਰਖ਼, ਪੰਛੀ ਜਾਂ ਮਨ 'ਤੇ,
ਇਹ ਤਾਂ ਉਹੀ ਜਾਣੇ।

ਸ਼ਿਕਵਾ, ਪਿਆਰ, ਖੁਸ਼ੀ, ਉਦਾਸੀ, ਬਣ ਅੱਖਰਾਂ 'ਚੋਂ ਕਿਰਦਾ ਹੰਝੂ,
ਉਸਦੇ ਪੋਟਿਆਂ ਵਿੱਚ, ਖ਼ੁਦ ਨੂੰ ਮੇਟ ਲੈਂਦਾ ਹਾਂ।

ਜਾਨਵਰ ਹਾਂ, ਦੇਵਤਾ ਬਣ, ਤੁਰਦਾ ਬਹਿੰਦਾਂ, ਘਾਤ ਲਾ ਭੱਜਦਾ ਹਾਂ,
ਖ਼ੁਦ ਜੰਗਲ ਵਿੱਚ, ਖ਼ੁਦ ਨੂੰ ਖ਼ੁਦ ਦੀ ਭਾਲ ਵਿੱਚ।

ਖ਼ੁਦ ਜ਼ਾਲ ਬਣ, ਖ਼ੁਦ ਨੂੰ ਸ਼ਿਕਾਰ ਕਰ,
ਖ਼ੁਦ ਨੂੰ ਖ਼ੁਦ ਵਿੱਚ, ਵਲੇਟ ਲੈਂਦਾ ਹਾਂ।

ਚਾਹੁੰਦਾਂ, ਚੰਦ, ਤਾਰੇ, ਰੁੱਖ, ਫ਼ੁੱਲਾਂ ਜਿਹੇ ਮੁੱਖੜੇ,
ਜ਼ਿੰਦਗੀ ਬੁਲਬੁਲਾ, ਲੋ ਹੱਥਾਂ 'ਚੋਂ ਕਿਰਦਾ ਰੇਤਾ,
ਫ਼ਾਨੀ ਉਮਰ, ਨੱਠ-ਭੱਜ, ਖ਼ੁਦ ਨੂੰ ਲੇੜ੍ਹ ਲੈਂਦਾ ਹਾਂ।

ਕਦੋਂ ਦਿਸੂ? ਉੱਠੂ ਉਹ ਪਾਰ ਦਾ ਪਰਦਾ,
ਤੇ ਬਖ਼ਸ਼ੂ ਮਿਲਾਪ ਦੀ ਘੜੀ,
ਖ਼ੁਮਾਰੀ ਵਿੱਚ ਨਹਾ,
ਕਰ ਖ਼ੁਦ ਨੂੰ ਫ਼ਨਾਹ, ਕਦੇ ਜਗਾ,
ਧਾਰ ਚੁੱਪੀ ਜਾਂ ਬੁੜਬੁੜਾ,
ਜੱਗ ਅੱਗੇ, ਨਸ਼ੇ ਨੂੰ ਖੇੜ ਲੈਂਦਾ ਹਾਂ।

ਦੁਨੀਆਂ ਇੱਕ ਸਰਾਂ, ਮੈਂ ਮੁਸਾਫ਼ਿਰ ਰਾਤ ਦਾ,
ਉਸਲਵੱਟੇ, ਥਾਂ ਬੇਗ਼ਾਨੀ, ਸੁਣ ਕੁੱਕੜ ਦੀ ਬਾਂਗ,
ਪਹੁ-ਫੁਟਾਲੇ ਬਦਲ ਚੋਲਾ, ਤੜਕੇ ਮੁੜ ਘਰ ਆਣਾ,
ਬਹੁਤ ਕੁੱਝ ਉਣ ਬੁਣ ਚਿਣ, ਟਾਕੀ ਲਾ ਉਧੇੜ ਲੈਂਦਾ ਹਾਂ।

ਮੈਂ, ਮੈ ਨੂੰ ਮੁਕਾ ਕੇ, ਖ਼ੁਦ ਨੂੰ ਸਮੇਟ ਲੈਂਦਾ ਹਾਂ,
ਇੱਥੇ ਪਰੇ, ਉਹ ਮੈਂ, ਮੈਂ ਉਹ, ਖ਼ੁਦ ਵਿੱਚ ਲਪੇਟ ਲੈਂਦਾ ਹਾਂ।

# ਕਦੇ ਐਈਂ ਕਦੇ ਊਈਂ

ਗੱਲ ਤੇਰੀ ਕਹੀ ਸੁੱਤੀਆਂ ਤਰੰਗਾਂ 'ਚ ਸ਼ਰਾਰਤ ਜਿਹੀ,
ਕਈ ਵਾਰ ਐਈਂ ਤੇ ਕਈ ਵਾਰ ਊਈਂ ਲੈ ਜਾਨਾ।

ਤੂੰ ਹੱਸ ਕੇ ਬਾਤ ਸੁਣਾਈ, ਸਾਦੀ ਮਾਸੂਮ ਜਿਹੀ,
ਮੈਂ ਡੂੰਘੀ ਅਥਾਹ ਮੰਨ, ਚੇਤਨਾ ਦੇ ਵੇਹੜੇ ਲੈ ਆਨਾ।

ਐਈਂ ਤੇ ਊਈਂ ਦੀ ਤਸਵੀਰ ਬਣਾ, ਸਿਰਜਣਾ ਕਰ, ਸ਼ਰੀਰ ਕਮੀਜ਼-ਪਜਾਮਾ,
ਇੱਕ ਮੈਲ਼ਾ ਚੋਲਾ ਦਿੱਖਦਾ।

ਸ਼ਿੱਦਤ ਦੀ ਕਲਮ ਨੂੰ ਚੱਕ, ਜਜ਼ਬੇ ਦਵਾਤ ਵਿੱਚ ਰੰਗ,
ਬਿਨਾਂ ਤਰਤੀਬ ਐਈਂ ਤੇ ਊਈਂ ਲਿਖਦਾ।

ਤੱਕਦਾ ਇਕਾਗ਼ਰ ਮਨ ਦੇ ਰੂਹਾਨੀ ਅੰਬਰ ਤੇ ਬੇਅਟਕ ਬੱਦਲਾਂ ਵਿੱਚ,
ਮਲੂਕ ਅੱਖਰਾਂ ਦੀਆਂ ਤਸਵੀਰਾਂ ਭਾਲਦਾ।

ਝਿਲਮਿਲਾਉਂਦੇ ਸ਼ਬਦਾਂ ਦੀ ਕਿਣਮਿਣ ਊਬੜ-ਖਾਬੜ,
ਪਿੰਡੇ ਦੇ ਪੰਨੇ ਤੇ ਵਰੇ ਫ਼ਜ਼ਲੋਂ ਉਪਜੀ ਰੂਹਾਨੀ ਲੱਜਤ ਮਾਣਦਾ।

ਐਈਂ ਨਿਰਮਲ ਵਾਸਨਾ ਉੱਠੇ, ਕੋਮਲ ਕਵਿਤਾ ਦੇ ਰੂਹਾਨੀ ਮੰਡਲਾਂ,
ਹਰ ਰੋਮ ਵਿੱਚ ਦਿਲ ਮਹਿਕਣ ਲੱਗੇ।

ਊਈਂ ਉਸਦੇ ਪਵਿੱਤਰ ਨਕਸ਼ਾਂ ਦੇ ਰੂਪਮਾਨ ਚੋਰ ਹਾਸੇ ਨੂੰ ਛੋਹ,
ਉਸਦਾ ਜਲਾਓ ਮਿੱਠਾ ਮਾਸੂਮ ਜੱਗੇ।

ਐਈਂ ਦੇਖਦਾਂ ਟੁੱਟੇ ਖਿੰਡੇ ਦੁਨੀਆਂ 'ਚ ਬੇਅਟਕ ਲੇਖਾਂ ਦੇ,
ਅਦ੍ਰਿਸ਼ਟ ਗਤੀ ਵਿੱਚ ਚੱਲਦੇ, ਅਮਲਾਂ ਦੇ ਕਾਰੋਬਾਰ ਨੂੰ।

ਊਈਂ ਰੁੜ੍ਹ, ਉੱਠ, ਨੱਠ, ਭੱਜ, ਮੈਂ ਜਾਗ ਭਾਲਾਂ,
ਹੁਕਮ ਅਤੇ ਕਰਮ ਦੇ ਅਮਲਾਂ ਦੇ ਬਾਹਰਮੁਖੀ ਬਾਜ਼ਾਰ ਨੂੰ।

ਐਈਂ ਇੱਕ ਪਲ, ਊਈਂ ਇੱਕ ਪਲ,
ਪਲ ਤੋਂ ਪਲ ਗੱਭੇ ਦਾ ਫ਼ਾਸਲਾ ਕਿਹਾ?

ਦਿਨ ਤੇ ਰਾਤ ਵਿਚਲਾ ਡੁੱਬਣਾ,
ਪਹੁ-ਫੁਟਾਲੇ ਤੋਂ ਨੰਗੇ ਦਿਨ ਵਿਚਕਾਰ ਚੜ੍ਹਨੇ ਜਿਹਾ।

ਤੂੰ ਤਨ ਨੂੰ ਲਿਬਾਸ ਆਖੇ, ਸੁਪਨੇ ਨੂੰ ਤੂੰ ਕੀ ਨਾਮ ਦੈਨਾ?

ਦਿਨ ਨੀਂਦ, ਮੌਤ ਜਿੰਦਗੀ,
ਕਦੇ ਐਈਂ, ਕਦੇ ਊਈਂ, ਖ਼ੁਆਬ ਲੈਨਾ।

# ਸਵਾਲ ਇਕੋ ਕੁੱਲ

ਅੱਖਾਂ ਮੀਚ ਤੱਕਾਂ, ਸ਼ਾਇਦ ਕੋਈ ਕਵਿਤਾ ਦਿਖ ਪਵੇ,
ਹਨੇਰੇ ਵਿੱਚ ਸੋਚ ਕਲਮ ਚਾਰ ਸ਼ਬਦ ਲਿਖ ਲਵੇ,
ਮਨ ਝੀਲ ਵਿੱਚ ਛੁਪਿਆ ਪਰਛਾਵਾਂ,
ਡੂੰਘਾਈ ਦਾ ਤਲ ਕੇਹਾ?

ਕੰਢੇ ਖੜਾ ਖ਼ਿਆਲ ਜਾਪੇ ਪਾਣੀ 'ਚ ਛਾਇਆ ਛਲ੍ਹ ਜਿਹਾ।

ਮੱਥੇ ਹੱਥ ਰੱਖ ਕਹਿ ਰਿਹਾ, ਦਿਲਾ ਕੋਈ ਕਵਿਤਾ ਔੜ ਵੇ।
ਕਿੱਸੇ ਨਵੇਂ ਸੁਣਾ ਲੰਘੇ ਬੁੱਲ੍ਹਿਆਂ ਦੇ, ਸ਼ਬਦ ਜੋੜ ਕੇ।

ਦਿਲ ਸੁਰਤ, ਜੁੜ ਬੈਠ, ਜਿੰਦਗੀ ਦੀਆਂ ਤੈਹਾਂ ਫ਼ਰੋਲ ਦੇ।
ਹਾਸੇ ਠੱਠੇ ਚੋਭਾਂ, ਕਿਤੇ ਚੰਗਾ-ਮਾੜਾ ਬੋਲ ਦੇ।

ਲੰਘੇ ਬੀਤੇ ਵੱਲ ਦੋਵੇਂ ਮੁੜ ਝਾਤ ਮਾਰ ਦੇ।
ਵਾਕਾਂ ਦੀ ਬਣਾ ਬੇੜੀ ਜਿੰਦਗੀ ਨਦੀ ਵਿੱਚ ਤਾਰ ਦੇ।

ਔਖੇ ਸਮੇਂ ਆਏ ਅੜਚਨਾਂ, ਔਕੜਾਂ, ਤਕਲੀਫ਼ਾਂ ਝੱਲੀਆਂ।
ਮੁਸ਼ਕਿਲਾਂ, ਮੁਸੀਬਤਾਂ ਨਾਲ ਲੜ੍ਹ ਇਹ ਥਾਵਾਂ ਮੱਲ੍ਹੀਆਂ।

ਉਮਰਾਂ ਦੇ ਕੀਮਤੀ ਤਜ਼ਰਬੇ ਪਰ ਰਾਹਾਂ ਸੀ ਔਖੀਆਂ।
ਮੁੱਕ ਰਹੀ ਕਿਤਾਬ ਦੇ ਅੱਧ ਵਿੱਚ ਲੱਗਣ ਸੌਖੀਆਂ।

ਹਾਸਿਲ ਕਰਨ ਵਿੱਚ ਔਖ ਤੇ ਚੀਜ਼ ਦਾ ਮੁੱਲ ਕੀ?
ਜਵਾਬ ਖ਼ੁੱਦ ਤੋਂ ਪੁੱਛ ਦੇ, ਸਵਾਲ ਇਕੋ ਕੁੱਲ ਸੀ।

ਜ਼ੁੰਮੇਵਾਰੀ, ਮਾਇਨਾ ਦੋਵੇਂ ਇਕੱਠੇ ਮੁੜ ਦੇਖਦੇ।
ਸੌਖਾ ਨਹੀਂ ਪਰ ਕੀਮਤੀ ਤਜ਼ਰਬੇ ਲਿਖੇ ਲੇਖ ਦੇ।

ਹਰ ਕੀਮਤੀ ਸ਼ੈਅ ਨੂੰ ਪਾਉਣ ਲਈ ਪਊ ਪਰਬਤ ਪਾੜ੍ਹਨਾ।
ਡੂੰਘੇ ਪਾਣੀਆਂ 'ਚ ਤਰਨਾ, ਸਾਹਾਂ ਨੂੰ ਸਾੜ੍ਹਨਾ।

ਅੱਜ ਮਖ਼ਮਲਾਂ ਤੇ ਬੈਠ ਕੇ ਆਰਾਮ ਕਰ ਦੇ।
ਉੱਠ ਖਾ ਬੈਠ ਖੇਡ ਸੌਂ, ਸਮਾਂ ਭਰ ਦੇ।

ਗੱਲ ਇੱਕ ਸਿੱਖੀ, ਵਡਮੁੱਲਾ ਕੁੱਛ ਪਾਉਣ ਲਈ,
ਜ਼ਰੂਰੀ ਨੇ ਘਾਲ਼ਣਾ,
ਬੁੱਝਣ ਨਾਲ ਨਹੀਂ ਮਿਲਦਾ,
ਰੱਖਣਾ ਪਊ ਅੰਦਰਲੀ ਅੱਗ ਨੂੰ ਬਾਲ਼ਣਾ।

ਲੋਹੇ ਦੀ ਕੁਰਸੀ ਤੇ ਬੈਠੇ, ਥੱਲਾ ਠੰਡਾ ਠ਼ਾਰ ਸੀ।
ਚਾਹ ਦੇ ਕੱਪਾਂ ਦੀ ਚੁਸਕੀ, ਮਿੱਠੀ-ਮਿੱਠੀ ਤਕਰਾਰ ਸੀ।

# ਇਹ ਹਊਮੈ ਦੀ ਢੇਰੀ

ਉਹ ਅੱਧ-ਸੁੱਤੀਆਂ ਅੱਖਾਂ, ਕਿੱਸੇ ਨੇ ਲੱਖਾਂ,
ਬੁੱਲ੍ਹਾਂ ਤੇ ਹਾਸੇ, ਦੰਦੀ ਦੰਦਾਸੇ,
ਗੱਲ਼ਾਂ ਨੇ ਭਰੀਆਂ, ਦੋਵਾਂ 'ਚ ਟੋਏ,
ਕਈ ਕਤਲ ਕੀਤੇ, ਕਈ ਆਪ ਕਤਲ ਹੋਏ,
ਉਹ ਭਰਵੱਟੇ ਦਾ ਚੁੱਕਣਾ, ਖ਼ਿਆਲਾਂ ਦੀ ਰਵਾਨੀ,
ਲੋਹੜੇ ਦੇ ਜ਼ਲਵੇ, ਉਹ ਅੱਥਰੀ ਜਵਾਨੀ,
ਉਹ ਵਾਲਾਂ ਦੀ ਚਮਕਣ, ਉਹ ਮੱਥੇ ਵੀ ਦਮਕਣ,
ਗਰਦਨ ਸੁਰਾਹੀ, ਸਿਰੋਂ ਚੁੰਨੀ ਲਾਹੀ,
ਕੰਨਾਂ ਦੇ ਝੁਮਕੇ, ਪੌਣ ਖ਼ਰੂਦੀ ਰੁਮਕੇ,
ਮੋਡੇ ਦੁਪੱਟਾ, ਕਈ ਅੰਗ ਨੇ ਓਹਲੇ,
ਪਵਿੱਤਰ ਨਰੋਲੇ, ਵੀਣੀ ਤੇ ਵੰਗਾਂ,
ਉਹ ਸ਼ਰਮਾਂ, ਉਹ ਸੰਗਾਂ,
ਹੱਥਾਂ ਤੇ ਮਹਿੰਦੀ, ਸੱਚ ਦੀ ਗਵਾਹੀ,
ਸਹਿਜੇ ਨਹੀਂ ਲਹਿੰਦੀ,
ਗਿੱਟੇ ਤੇ ਝਾਂਜਰ, ਛਮ ਛਮ ਜਿਹੀ ਛਣ ਛਣ,
ਪੱਬਾਂ ਭਾਰ ਨੱਚਣਾ, ਮਾਰੇ ਉਹ ਅੱਡੀ,
ਬਾਹਾਂ ਉਲਾਰੇ, ਛਾਤੀ ਉਹ ਕੱਢੀ,



ਦੇਹੀ ਦਾ ਝੂਮਣਾ, ਸੂਰਜ ਦੁਆਲੇ,
ਮਿੱਟੀ ਦਾ ਘੁੰਮਣਾ, ਨੱਚ ਕੇ ਮਨਾ ਲੈ,
ਉਹ ਫ਼ੁੱਲਾਂ ਦੀ ਲੱਦੀ, ਲਿਫ਼ਦੀ ਉਹ ਟਾਹਣੀ,
ਦਰਿਆ ਦੇ ਮੋੜੇ, ਤਾਰੀ ਏ ਲਾਉਣੀ,
ਉਹ ਇੱਥੇ ਉਰੇ ਹੈ, ਉਹ ਦੂਰੋਂ ਵੀ ਨੇੜੇ,
ਉਹ ਸਰੀਰਾਂ ਦੇ ਅੰਦਰ, ਪਵਿੱਤਰ ਜਿਹਾ ਮੰਦਿਰ,
ਬ੍ਰਹਿਮੰਡੀ ਧੜਕਨ, ਪੰਜ ਤੱਤਾਂ ਦਾ ਗ਼ਾਰਾ,
ਰੂਪ, ਸ਼ਕਲ, ਬਣਤਰ, ਬਣਾਵਟ, ਆਕਾਰਾਂ,
ਸਰਗੁਣ ਦੀਆਂ ਛੋਹਾਂ, ਨਿਰਗੁਣ ਦਾ ਵਾਸਾ,
ਸਿਦਕਾਂ ਤੇ ਮੋਹਾਂ, ਦੋਵੇਂ ਹੱਥੀਂ ਕਾਸਾ,
ਐਪਰ ਹੈ ਖ਼ਾਲੀ, ਪਾ ਦੇ ਤੂੰ ਖ਼ੈਰਾਂ,
ਤੇਰੇ ਦਰ ਤੇ ਸਵਾਲੀ, ਖ਼ੁਦ ਨੂੰ ਮਿਟਾਵਾਂ,
ਹਸਤੀ ਨੂੰ ਮੇਰੀ, ਤੂੰ ਪਾ ਦੇ ਨਿਗਾਹਾਂ,
ਇਹ ਹਊਮੈ ਦੀ ਢੇਰੀ।

# ਰੰਗ ਨਕਸ਼ਾ ਕੀ ਹੋਊ

ਵਿੱਸਰੀਆਂ ਯਾਦਾਂ ਨੂੰ ਲੱਭਦਿਆਂ,
ਅੱਜ, ਬੀਤੇ ਦਾ ਮੈਂ ਕੁੰਡਾ ਖੋਲ੍ਹਿਆ।
ਲੰਘ ਚੁੱਕੇ ਵੇਲੇ, ਅਹਿਸਾਸਾਂ, ਸ਼ਾਮਾਂ,
ਪਲਾਂ ਦਾ ਸੰਦੂਕ, ਖੋਲ੍ਹ ਫ਼ਰੋਲਿਆ।

ਦੇਖਦਾ ਮੈਂ ਰਹਿ ਗਿਆ,
ਸੁਪਨੇ ਖ਼ੁਦ ਹੀ ਖ਼ੁਦ ਨੂੰ ਬੁਣ ਰਹੇ।
ਛੱਤਰੀਆਂ ਦੀ ਜੋੜੀ ਸ਼ਾਂਤ ਲਿਪਟ,
ਇੱਕ ਦੂਜੇ ਨੂੰ ਰੀਝਾਂ ਨਾਲ ਸੁਣ ਰਹੇ।

ਪੋਲ਼ੇ ਜਿਹੇ ਬੋਚ ਸੱਧਰਾਂ ਨੂੰ ਚੱਕ,
ਦੋਵਾਂ ਛਾਤੀ ਨਾਲ ਲਾ ਲਿਆ।
ਚੜ੍ਹਦੇ ਤੋਂ ਲਹਿੰਦੇ ਦਾ ਸਫ਼ਰ,
ਉਡਾਨ ਗਵਾਚਾ ਬਾਲ ਨਕਸ਼ਾ ਬਣਾ ਲਿਆ।

ਅੱਖਾਂ ਤੇ ਬਿਠਾ ਭਰ ਦਿਲ ਵਿੱਚ ਸਮਾ,
ਮੈਂ ਟੁੱਕ-ਟੁੱਕ ਦੇਖਦਾ।
ਮਿਲ ਗਿਆ ਖਜ਼ਾਨਾ,
ਪਹਾੜ ਜਿੱਡੇ ਦਿਲ ਵਿੱਚੋ ਸ਼ੁਕਰਾਨਾ ਕਰਾਂ ਲੇਖ ਦਾ।

ਸਿਦਕ ਰੱਸੀ, ਹੇਠ ਮੇਖ਼ ਜੜੀ,
ਮਨ ਛੱਤ ਤੇ ਮੈਂ ਲਾ ਸਜਾ ਟੰਗੀਆਂ।
ਸੋਚ ਸੜਕ ‘ਤੇ ਬੈਠੀ,
ਪਹਾੜ ਜੇਡ ਉਮਰਾਂ, ਬੇਬੇ ਹੱਥੀਂ ਲਾਲ ਰੰਗੀਆਂ।

ਦੱਸ ਸਾਲ ਬੀਤੇ, ਉਹਨੇ ਦੱਸਿਆ,
ਬੋਹੜ ਨਾਲ ਤੁਰ, ਉਸਦਾ ਪ੍ਦੇਸ ਘੁੰਮਣਾ।
ਛੋਟੇ ਹੁੰਦੇ ਲੀਹ ਤੋਂ ਰੱਖ ਡੋਲਣ ਨਾ ਦੇਵੇ ਸਾਇਆ, ਹੁੰਦਾ ਠੁਮਣਾ।

ਖ਼ੈਰ! ਮੈਂ ਜਜ਼ਬਾਤਾਂ ਵਿੱਚ ਰੱਖੀਆਂ,
ਯਾਦਾਂ ਦੀ ਕਹਾਣੀ ਸੁਣ ਲਈ।
ਕੁਝ ਅਣਦਿੱਖ ਤੰਦਾਂ ਨੂੰ ਛੋਹ,
ਰਿਸ਼ਤਿਆਂ ਦੀ ਚਾਦਰ ਬੁਣ ਲਈ।

ਉਹ ਬਿਰਧ ਮਾਂ, ਫ਼ਿਰਨੀ ਦਾ ਕੰਢਾ,
ਚਾਦਰ ਵਿਛੀ, ਹਾਲੇ ਵੀ ਸੋਚਦਾ।
ਕਈ ਰੂਹਾਂ ਨੇ ਆਣ ਮਿਲਣਾ,
ਰੰਗ ਨਕਸ਼ਾ ਕੀ ਹੋਊ?
ਤਰਤੀਬ, ਤਸਵੀਰ ਲੋਚਦਾ!!

# ਇਹ ਹਿਸਾਬ ਕੌਣ ਰੱਖੇਗਾ

ਜੇ ਰੋਸ਼ਨੀ ਹੈ ਤਾਂ ਉਹਨੇ ਕੰਡ ਮੋੜ ਲੈਣੀ,
ਪਰਛਾਵੇਂ ਨੂੰ ਕਦਮਾਂ ਵਿੱਚ ਬਿਠਾ ਕੇ ਰੱਖੇਗਾ।
ਚਾਨਣ ਤੋਂ ਡਰ, ਪੱਥਰ ਜਿਹਾ ਬਣ,
ਹਨੇਰੇ ਵਿੱਚ ਸਾਏ ਨੂੰ ਛੁਪਾ ਕੇ ਰੱਖੇਗਾ।

ਸੱਥ ਵਿੱਚ ਬਿਠਾਵੇ, ਪਰ ਕਹੇ ਕੁੱਝ ਵੀ ਨਾ ਬੋਲੀਂ,
ਉਹ ਫੁੱਲ, ਮਹਿਕ, ਤਿਤਲੀ ਨੂੰ,
ਸਫ਼ਿਆਂ ਵਿੱਚ ਲਾਸ਼ ਬਣਾ ਕਿਉਂ ਰੱਖੇਗਾ?
ਕੰਢੇ ਦਾ ਬੱਸ ਉਂਨੀ ਦੇਰ ਤੱਕ ਹੀ ਖ਼ੁਰਨਾ, ਢੇਰ ਹੋਣਾ,
ਜਿੰਨਾ ਚਿਰ ਤੱਕ ਦਰਿਆ ਖ਼ੁਦ ਨੂੰ ਵਹਾ ਕੇ ਰੱਖੇਗਾ।

ਉੱਡਦੇ ਪੰਖੇਰੂਆਂ ਨੇ ਆਉਣਾ ਇੱਕ ਦਿਨ, ਪੱਤਿਆਂ ਦੀ ਗੋਦ ਵਿੱਚ,
ਅੰਬਰ ਕਦ ਤੱਕ ਉਹਨਾਂ ਨੂੰ ਬਰਾ ਕੇ ਰੱਖੇਗਾ?
ਨਦੀ ਨੇ ਚੂਸ ਲੈਣਾ, ਪਹਾੜ ਨੂੰ ਬਣ ਝਰਨਾ,
ਉਹ ਕਦ ਤੱਕ ਖ਼ੁਦ 'ਤੇ ਬਰਫ਼ ਦਾ ਪਰਦਾ ਪਾ ਕੇ ਰੱਖੇਗਾ?

ਤੁਰ ਪਏ ਹਨ ਜਿਹੜੇ ਅਣਜਾਣ ਰਾਹਾਂ 'ਤੇ,
ਪਿਆਰ ਦੀ ਭਾਲ ਦੇ ਖ਼ਾਤਿਰ,
ਖ਼ਬਰ ਹਰ ਰੋੜ, ਹਰ ਮੋੜ, ਜੋੜ ਰੱਖੇਗਾ।
ਉਹ ਅੰਨ੍ਹਾ, ਤੂੰ ਬੋਲ਼ੀ, ਖ਼ੁਸ਼ਬੋਈ ਤੇ ਸੰਗੀਤ ਦੇ ਵਾਂਗਰ,
ਦੋਹਾਂ ਨੂੰ ਨੱਚਦਿਆਂ ਦੇਖ ਗੂੰਗਾ ਜ਼ਮਾਨਾ, ਅੱਗ ਵਾਂਗ ਮੱਚੇਗਾ।

ਪਰਛਾਵਾਂ ਭਾਲ ਲੈ ਮਨ ਦੀ ਅਥਾਹ ਡੂੰਘਾਈ ਦੇ ਵਿੱਚ, ਖ਼ੁਦ ਦਾ,
ਜਾਂ ਜ਼ਮਾਨਾ ਲਗ਼ਾਮ ਪਾ ਤੈਨੂੰ ਆਪਣਾ ਪਰਛਾਵਾਂ ਬਣਾ ਕੇ ਰੱਖੇਗਾ।
ਮੈਂ ਕੌਣ ਹਾਂ, ਅਰਦਾਸ ਕਰ, ਹੁਕਮ ਵਿੱਚ ਰਹਿ, ਨਾ ਡੋਲ੍ਹੀਂ, ਪਰ ਮੰਨੀ,
ਜਿੰਨਾ ਵੀ ਉਹ ਸਿਦਕ ‘ਤੇ ਭਾਣੇ ਦਾ ਭਾਰ ਰੱਖੇਗਾ।

ਸੁਣਿਆ ਸਭ ਨੂੰ ਰਚਨਾ ਆਪੇ ਮਿਲਣੇ ਆਉਂਦੀ ਹੈ,
ਮੈਨੂੰ ਖ਼ੁਦ ਦਰ 'ਤੇ ਜਾ ਕੇ ਬਹਿ ਕੁੰਡਾ ਖੜਕਾਉਣਾ ਪੈਂਦਾ।
ਹਾਂ, ਬਾ-ਯਕੀਨਨ, ਉਹ ਕਵਿਤਾ ਤਿਆਰ ਰੱਖੇਗਾ।

ਅੱਖੜ, ਹੰਕਾਰੀ, ਮਗ਼ਰੂਰ, ਘਮੰਡੀ।
ਐਵੇਂ ਖ਼ੁਦ ਨੂੰ ਖ਼ੁਦੀ ਦਾ ਮਾਣ ਨਾ ਕਰੀਂ,
ਖੜਾਕ ਵੀ ਨਈਂ ਹੋਣਾ, ਜਦੋਂ ਕੰਨੀਂ ਟਿਕਾ ਕੇ ਰੱਖੇਗਾ।

ਇੱਕ ਦਿਨ ਘੁਲ਼ ਜਾਣਾ ਉਜਾਲੇ ਨੇ ਪ੍ਰਕਾਸ਼ ਵਿੱਚ,
ਲੋਅ ਨੇ ਜੋਤਿ ਨੂੰ ਮਿਲਣਾ।
ਪਰ ਕਿਸ ਦਿਨ,

ਇਹ ਹਿਸਾਬ ਕੌਣ ਰੱਖੇਗਾ?

# ਹਉਮੈ ਖ਼ੁਰੀ

ਮੈਂ ਤੈਨੂੰ ਤੂੰ ਦਿਖਾਉਣਾ
ਤੇਰੀ ਹੀ ਸ਼ਕਲ ਵਿੱਚ
ਸ਼ੀਸ਼ਾ ਤੈਨੂੰ ਬੋਲਦਾ।

ਸੋਚ ਕਲਮ ਵਿੱਚ ਧਰ
ਨਜ਼ਰ ਪੋਟਿਆਂ ਨਾਲ ਫ਼ੜ
ਲਫ਼ਜ ਪਰਦਾ ਖੋਲ੍ਹਦਾ।



ਸਰੀਰ ਦੇ ਮਨ
ਮਨ ਦੇ ਤਲ਼, ਤਲ਼ ਦਾ ਥੱਲਾ
ਥੱਲਾ ਡੂੰਘਾ, ਘੁੱਪ ਹਨੇਰਾ
ਹਨੇਰਾ ਸੜਿਆ ਚਾਨਣ ਕੰਢੇ
ਕੰਢੇ ਬੈਠਾ ਕਲ੍ਹਮ ਕੱਲਾ
ਕੱਲਾ ਪਰਛਾਵਾਂ ਸਾਥ ਬਣ ਨਾਲ ਹੈ ਤੁਰਦਾ
ਤੁਰਦਾ, ਖੱਬੇ-ਸੱਜੇ, ਅੱਗੇ-ਪਿੱਛੇ, ਵੱਧਦਾ-ਖ਼ੁਰਦਾ
ਖ਼ੁਰਦਾ, ਪਰਬਤ ਢੱਲ ਦਰਿਆ ਬਣਿਆ
ਬਣਿਆ, ਛੱਲਾਂ ਮਾਰ ਸਮੁੰਦਰ ਭਰਿਆ
ਭਰਿਆ, ਖ਼ਾਰਾ ਪਿਆਸ ਹੈ ਡਾਢੀ

ਡਾਢੀ, ਚਿਣਗ ਸਿਦਕ ਦੀਆਂ ਕਲਮਾਂ
ਕਲਮਾਂ, ਧਰਤੀ ਗਰਬ ਵਿੱਚ ਬੀਜ
ਬੀਜ, ਲਾਇਆ ਤੇ ਚੜ੍ਹਿਆ ਜੋਬਨ
ਜੋਬਨ, ਠਾਠਾਂ ਭਰਿਆ ਪੰਛੀ ਆਉਣੇ
ਆਉਣੇ, ਫ਼ਲ ਫ਼ੁੱਲ ਨਾਲ ਬਹਾਰਾਂ,
ਬਹਾਰਾਂ, ਲੁਕਣ ਮਿੱਟੀ ਬਣਨ ਆਲ੍ਹਣੇ
ਆਲ੍ਹਣੇ, ਮੱਲ੍ਹਣੇ ਪਿੰਡੇ ਛਾਵੇਂ ਢਾਰਾਂ
ਢਾਰਾਂ, ਬੁੱਢੇ ਹੋ ਹੋ ਡਿੱਗਣਾ
ਡਿੱਗਣਾ, ਬਲ਼ਣਾ ਆਰੇ ਪੰਨੇ ਜ਼ਿਲਦਾਂ
ਜ਼ਿਲਦਾਂ, ਪੰਨੇ ਚਮਕੇ ਸ਼ੀਸ਼ਾ ਬਣਨਾ
ਬਣਨਾ, ਸ਼ੀਸ਼ਾ ਮੁੜ ਹਾਣੀ ਹੋਣਾ
ਹਾਣੀ, ਹਾਣੀ ਨੂੰ ਅਕਸ ਦਿਖਾਵੇ
ਦਿਖਾਵੇ, ਵਿੱਚ ਕੀ ਕੀ ਲੁਕਿਆ
ਲੁਕਿਆ, ਭਰਦਾ ਰਿਸਦਾ ਮੁਸ਼ਕਾਂ ਖ਼ਾਰਾ
ਖ਼ਾਰਾ, ਸਮੁੰਦਰ ਹੱਠ ਚੁੱਭੀ ਮਾਰੀ
ਮਾਰੀ, ਹਉਮੈ ਖ਼ੁਰੀ ਮਿੱਟੀ ਸਾਰੀ।

# ਉਹ ਕੀ ਤੇ ਕੀ ਲਿਖਿਆ

ਅੰਗ-ਸੰਗ-ਨੰਗ, ਹਰ ਰੰਗ ਬੇਹਾਲ, ਚੁੱਕੀ ਪਰਤ,
ਸੂਝ-ਬੁਝ ਇਲਮਾਂ ਦਾਵਿਆਂ ਦੀ।
ਨੂਰ ਤੱਕਿਆਂ, ਹੋ ਰੋਸ਼ਨ ਜਗ ਉੱਜਲ, ਕਰੀਬ ਜਾਪੇ,
ਭੁੱਖ ਨਕਸ਼ ਬਖਸ਼ ਹਰੇਕ ਸਾਵਿਆਂ ਚੀ।
ਇਕ ਨੂੰ ਦਿੱਖ
ਇਕ ਤੋਂ ਵੱਖ
ਕਿਸੇ ਨੂੰ ਰੱਖ
ਕਿਸੇ ਤੋਂ ਲੱਥ
ਆਹ ਪ੍ਰਗਟਾਅ ਹੁਣੇ ਹੋ ਛੁਪਿਆ,
ਇਹ ਰਾਜ ਛੋਹਿਆਂ।
ਅਦਿੱਖ਼ ਪਰਤਾਂ ਖੋਲ੍ਹ, ਚੱਕ ਫ਼ਰੋਲ, ਤਹਿ ਦੇ ਭੀਤਰ,
ਡੂੰਘਾ ਚੜ੍ਹਿਆ, ਪਿੱਛੇ-ਉੱਤੇ-ਅੱਗੇ,
ਪੁਨੀਤ ਜਲਵਾ ਸ਼ਾਦਾਬ ਹੋਇਆ।
ਅਦ੍ਰਿਸ਼ਟ ਗਰਭ ਛੋਹ, ਚਾਨਣ ਲਿਸ਼ਕਾਰਾ,
ਮੁਖ ਮੰਡਲਾਂ ਦੇ ਚਮਕਣ ਭੇਦ ਹੈ,
ਗੁੱਝੇ ਵਿੱਚ ਬਾਰੀਕ ਵੱਸਦਾ।
ਉਡਾਰੂ ਰੂਪ ਤਾਂਣ, ਲੜ੍ਹ ਲੱਗ ਸਿਦਕ ਦੀ ਪੌੜੀ,
ਆਦਿ ਜੁਗਾਦਿ ਅੰਤ ਆਰੰਭ, ਹੈ ਦੱਸਦਾ



ਤਲ ਤਾਈਂ ਅੱਪੜ, ਪਹੁੰਚ ਬੰਨ੍ਹ ਗਠੜੀ,
ਹਰਕਤ ਵਿਚ ਬੇਹੋਸ਼ ਹੋ, ਮੁੜ ਤਲ ਤਾਈਂ ਨਿੱਤਰ ਆਉਣਾ।
ਕੰਨੀਂ ਰਾਗ ਥਿੜਕਦਾ, ਵਿਸਮਾਦ ਗਰਜ਼ਦਾ,
ਬਿਨ ਪਾਣੀ ਨੀਰ
ਰਿਸਣਾ ਰਿੱਝਣਾ ਚੜ੍ਹਨਾ, ਤੇ ਹੈ ਲਾਹੁਣਾ।
ਆਪਣੀ ਸੋਚ ਦਾ ਆਗਾਜ਼,
ਅੰਦਾਜ਼ ਦਜਾਰ ਮਿਆਰ ਛੱਡ,
ਅਦਬ ਵਿਚ ਅਦਬ ਸਿੱਖ ਲੈ।
ਸਿੱਖੇ ਤੋਂ ਪਾਰ ਜਾਣਾ, ਸਭ ਕੁਛ ਗਵਾਉਣਾ,
ਕੁਛ ਪਾਉਣਾ, ਗਹਿਰਾਈ ਤੋਂ ਡੂੰਘਾਈ ਸਿੱਖ ਲੈ।
ਉੱਠ ਜਾਗਦਿਆਂ ਸੌਂਦਿਆਂ,
ਸੁਪਨੇ
ਕੁਝ ਐਥੇ ਚੱਕ, ਉੱਥੇ ਰੱਖ,
ਪੱਟ ਹੈ ਜੜ੍ਹ ਲਾਉਣਾ।
ਉਹ ਕੀ ਤੇ ਕੀ ਲਿਖਿਆ,
ਐਦਾਂ ਦੀਆਂ ਐਦਾਂ ਦਾ ਹੀ ਲਿਖਣਾ, ਤੇ ਹੈ ਗਾਉਣਾ।

# ਮੈਂ ਤੇ ਮੇਰੀ ਸੋਚ

ਅੱਜ ਮੈਂ ਸੋਚਿਆ ਦੇਖਾਂ ਤਾਂ ਸਹੀ, ਖ਼ਿਆਲਾਂ ਦੀ ਉਡਾਰੀ ਮਾਰ ਕੇ,
ਪਿੰਡੇ 'ਚੋ ਜਦੋਂ ਰੂਹ ਦਾ ਪੰਛੀ, ਉੱਡ ਜਾਵੇ ਆਖ਼ਰੀ ਜਿਹਾ ਸਾਹ ਮਾਰ ਕੇ।

ਫ਼ੇਰ ਆਪਣੇ-ਆਪ ਨੂੰ ਬੇਪਰਹਨ ਲੋਹੇ ਦੇ ਮੇਜ਼ਾਂ ਤੇ ਸੌਂਦੇ ਦੇਖਿਆ,
ਨੇੜਲਿਆਂ ਦੇ ਵਿਰਲਾਪ, ਦਹੀਂ ਨਾਲ ਨਹਾਂ, ਕੱਪੜੇ ਪਾਉਂਦੇ ਵੇਖਿਆ।

ਫ਼ੇਰ ਭਾਈ ਜੀ ਆਏ ਤੇ ਅਰਦਾਸ ਹੋ ਗਈ,
ਚੀਕ ਵੱਜੀ, ਮਾਂ ਰੋਈ ਜਿਵੇਂ ਆਖ਼ੀਰੀ ਰਾਤ ਹੋ ਗਈ।

ਘਰ ਆਏ, ਚਿੱਟੀ ਚਾਦਰ ਡਾਹੀ, ਉੱਤੇ ਬੈਠੇ ਮਿੱਤਰ ਚਾਰ ਸੀ,
ਪਾਠ ਕਿੱਥੇ ਰੱਖੀਏ, ਕੱਠ ਬਾਹਲਾ ਨੀਂ ਕਰਨਾ, ਇਹ ਵਿਚਾਰ ਸੀ।

ਤੀਹ ਕੁ ਜਾਣੇ ਕੱਠੇ ਹੋਏ, ਲਹਿੰਦੇ ਵੱਲ ਨੂੰ ਤੁਰ ਪਏ,
ਭਾਈ ਜੀ ਆਏ, ਸੋਹਲੇ ਪੜ੍ਹੇ, ਕਰ ਅਰਦਾਸ ਜੁੜ ਪਏ,
ਆਜੇ ਜਿਹਨੇ ਦੇਖਣਾ, ਚਿਹਰਾ ਜਾਂਦੀ ਵਾਰ ਦਾ।

ਫ਼ੇਰ ਇੱਕ ਦਮ ਘੇਰਾ ਜਿਹਾ ਪੈ ਗਿਆ,
ਕੋਈ ਮੱਥਾ ਚੁੰਮੇ, ਮੱਥਾ ਟੇਕੇ, ਫ਼ੁੱਲ ਪਾਵੇ ਹਾਰ ਦਾ।

ਐਨੇ ਨੂੰ ਇਸ਼ਾਰਾ ਜਿਹਾ ਹੋ ਗਿਆ,
ਢੱਕਣ ਹੋਇਆ ਬੰਦ ਤੇ ਚੀਖ਼ ਚਿਹਾੜਾ ਜਿਹਾ ਹੋ ਗਿਆ।

ਬਲ਼ਦੀ ਭੱਠੀ ਤੇ ਮੈਂ ਡੱਬੇ ਵਿੱਚ ਬੰਦ ਸੀ,
ਜਿਹੜੇ ਮੈਨੂੰ ਬਹੁਤ ਚਾਹੁਣ, ਖੜੇ ਪਿੱਛੇ ਕੰਧ ਸੀ।

ਅਰਦਾਸ ਹੋ ਰਹੀ ਤੇ ਜਾਪੇ ਪੱਖੇ ਦਾ ਜ਼ੋਰ ਸੀ,
ਅੱਗ ਦੀ ਮਹਿਕ ਤੇ ਗੁਰਬਾਣੀ ਦੀ ਲੋਰ ਸੀ।

ਸਾਰਿਆਂ ਨੇ ਗਲੇ ਲੱਗ ਹੌਸਲਾ ਜਿਹਾ ਦੇਣਾ ਸੀ,
ਗੁਰਦੁਆਰੇ ਅੱਲ ਤੁਰ ਪਓ, ਐਦਾਂ ਜਿਹਾ ਕਹਿਣਾ ਸੀ।

ਅਰਦਾਸ ਹੋਈ, ਪਰਛਾਦਾ ਛੱਕ, ਘਰੋਂ-ਘਰੀਂ ਮੁੜ ਪਏ,
ਮੈਂ ਤੇ ਮੇਰੀ ਸੋਚ, ਲਿਖਦੇ-ਲਿਖਦੇ ਰੋਸ਼ਨੀ ਨਾਲ ਜੁੜ ਪਏ।

# ਮੇਰੀ ਮਾਂ

ਮੇਰੀ ਮਾਂ ਬੁੱਕਲ 'ਚ ਲੈ ਸੋਚਾਂ ਦੀਆਂ ਸਲਾਈਆਂ,
ਉਧੇੜ੍ਹ ਜਿੰਦਗੀ ਦੀ ਖੁਦੋ, ਬਣਾ ਰਹੀ ਹੈ ਯਾਦਾਂ ਦੀ ਕੋਟੀ।

ਚਿਹਰੇ ਤੇ ਲਿਖੀਆਂ ਝੁਰੜੀਆਂ ਦੇ ਹਰਫ਼,
ਵਕਤ ਨੂੰ ਦੇ ਰਹੇ ਨੇ ਸਿੱਠਣੀ,ਡੂੰਘੀ ਤੇ ਛੋਟੀ।

ਘੱਟ ਰਹੀ ਹੈ, ਉਮਰਾਂ ਵਾਂਗ ਮੋਮਬੱਤੀ ਦੀ ਲੋਅ,
ਚੱਕ ਲਾਏ ਦੂਰਅੰਦੇਸ਼ੀ ਦੇ ਚਸ਼ਮੇ।
ਮਾਂ ਕਹਿਣਾ ਜਿੰਦਗੀ ਦੀ ਖੇਡ ਵਿੱਚ ਸਜਦਿਆਂ, ਚੜ੍ਹਦੀ ਕਲਾ 'ਚ ਗੱਜਦਿਆਂ,
ਖੁੱਲੇ ਨਹੀਂ ਰੱਖਣੇ ਤਸ਼ਮੇ।
ਬਿਨਾਂ ਸਾਹ ਰੋਕੇ ਲਾਉਂਦੀ ਤਾਰੀ, ਦਿਮਾਗ ਦੇ ਸਮੁੰਦਰ ਵਿੱਚ,
ਝੱਖੜਾਂ ਨਾਲ ਡੁੱਬੇ ਜਹਾਜ਼ ਦੇ ਵਿਸਰੇ ਖ਼ਜਾਨੇ ਲੱਭਿਆਂ।

ਸਿੱਧਾ-ਪੁੱਠਾ, ਜ਼ਰਬ ਘਟਾ, ਕੰਢੇ ਘੁਰਾ,
ਸਹਿਜੇ ਹੀ ਪੋਟੇ ਨਾਲ ਕੱਢਦੀ ਫ਼ੁੱਲ, ਹੀਰੇ ਤੇ ਡੱਬੀਆਂ।

ਕਦੇ ਖ਼ੁਦ ਨਾਲ ਬੁੜਬੁੜਾ, ਰੱਖ ਪੁੜਪੁੜੀ ਤੇ ਹੱਥ,
ਹਵਾਵਾਂ ਵਿੱਚ ਸ਼ਬਦਾਂ ਨੂੰ ਸਮੇਟਦੀ।

ਕਦੇ ਮਨ ਓਟੇ ਦੇ ਆਲੇ 'ਚੋਂ ਕੱਢ, ਮਿੱਠੇ ਗੋਗਲਿਆਂ ਦੇ ਹਾਸੇ ਬਿਖ਼ੇਰਦੀ।
ਉਮਰਾਂ ਦੀਆਂ ਅੱਡੀਆਂ ਵਿੱਚ ਤਰੇੜਾਂ ਦੇ ਹਰਫ਼ ਦੱਸਦੇ ਨੇ,
ਪੈਰਾਂ ਵਿੱਚ ਸਫ਼ਰਾਂ ਦੇ ਆਉਂਦੇ ਹਿੱਸੇ।

ਉੱਠਦਿਆਂ ਗੋਡੇ ਵਿੱਚ ਕੜ-ਕੜ ਦੇ ਸੰਗੀਤ, ਚੱਪਣੀ ਦੇ ਸੁੱਕੇ ਤੇਲ, ਦਰਦਾਂ ਦੇ
ਕਿੱਸੇ। ਚੰਚਲਤਾ ਦੇ ਵੱਟ ਦਿੱਖ ਰਹੇ, ਕੱਕੇ ਵਾਲਾਂ ਦੀਆਂ ਮੀਡੀਆਂ ਵਿੱਚੇ।
ਮੁਸ਼ਕਲਾਂ ਨੂੰ ਪਲ ਜਾਣ , ਯੁਗਾਂ ਦੇ ਪਹਾੜ ਧੂਹੇ ਤੇ ਸੀਚੇ ।

ਅੱਖਾਂ ਦੇ ਥਾਈਸਕੋਪ 'ਚ, ਮਉ ਦੇ ਮੇਲੇ ਦਾ,
ਚੰਡੋਲ, ਜਲੇਬ, ਕੱਚ ਦੀਆਂ ਵੰਗਾਂ ਮਿੱਟੀ ਦੇ ਖਿਡੌਣੇ,
ਪਰਾਂਦੇ ਤੇ ਕਈ ਹੋਰ ਚਿੱਤਰ ਖਿੱਚੇ।

ਝਲਕ ਪੈਂਦੀ ਹੈ ਉਸਦੀ ਤਬੀਅਤ ਵਿੱਚੋਂ, ਧੀਮੇ ਵੰਗ ਵਿੱਚ ਰੁਮਕਦੇ-ਝੁਣਕਦੇ,
ਅੰਮ੍ਰਿਤ ਦੇ ਚਸ਼ਮੇ ਗਿੱਚੇ।

ਬਲ਼ਦਾ ਜਿੰਦਗੀ ਦਾ ਦੀਵਾ ਸਿਦਕਾਂ ਦਾ, ਤੇ ਬੱਤੀ ਹਿੰਡ ਦੀ।
ਮੋਮ ਜਿਹੀ ਦੇਹੀ ਵਾਂਗ ਬਲ੍ਹ ਕੇ ਮਮਤਾ ਬਿਖੇਰਦੀ,
ਇਹ ਕੁੜੀ ਸ਼ਾਮਪੁਰੇ ਪਿੰਡ ਦੀ।

ਮੈਂ ਸੋਚਾਂ ਵਿੱਚ ਬੈਠਾ, ਨਾੜੂਆ ਜਾਣ ਫ਼ੜਦਾ,
ਵੇਖਦਾ, ਟੋਲਦਾ ਉਸਦੇ ਹੱਥਾਂ ਨੂੰ। ਡਿੱਗਦੇ ਪੱਤੇ, ਡੁੱਬਦਾ ਸੂਰਜ, ਦੱਖਣ ਵੱਲ ਨੂੰ ਜਾ ਰਹੀ, ਸੁੰਨ ਤੋੜਦੀ ਬੱਤਖ਼ਾਂ ਦੀ ਚੀਕ, ਚੜ੍ਹਦੇ ਵਿਚਾਰਾਂ ਵੱਥਾਂ ਨੂੰ।
ਹੋਇਆ ਰਹਿਰਾਸ ਦਾ ਵੇਲਾ ।
ਪਲਾ ਬੁਣ ਮੇਚ ਲੈ ਗੇਲਾਂ ।
ਸੁਣਾ ਰਹੀ ਸੀ ਠੰਡੇ ਬੁਰਜ ਵਿੱਚ, ਦਾਦੀ ਦੇ ਮੁੱਖੋਂ ਭੁਝੰਗੀਆਂ ਨੂੰ ਸ਼ਹਾਦਤ ਲਈ ਤਿਆਰ ਕਰ,
ਇੱਟਾਂ ਤੱਕ ਚਿਣੇ ਇਤਿਹਾਸ ਦੇ ਕਿੱਸੇ।
ਉੱਠੀ ਝੁਣਝੁਣੀ ਤੇ ਕੰਬਣੀ ਤੱਕ ਸ਼ੀਸ਼ੇ ਮੁਹਰੇ ਖੜ, ਮੇਰੇ ਨਿਆਰੇਪਨ ਦੀ ਹੋਂਦ ਦੇ ਅਕਸ ਨੇ ਲਿਸੇ।

ਮੇਰੀਆਂ ਧੁੰਧਲੀਆਂ ਅੱਖਾਂ ਤੋਂ ਇਹ ਸਖ਼ਸ਼ ਪਛਾਣ ਨਾ ਹੋਵੇ,
ਗੁਰ ਮਿਹਰ, ਦਿਲ ਭਰ ਤਾਂ ਸਕਦਾ ਹੈ,
ਪਰ ਏ ਕਦੇ ਨਾ ਰੋਵੇ !

# ਮੇਰੀ ਰੂਹ ਦੀ ਪਰਵਾਜ਼

ਮੇਰੀ ਕਲਮ ਦੀ ਨੋਕ ਨੇ,ਪੰਨੇ ਦੇ ਕੁਵਾਰੇਪਨ ਨੂੰ ਹੱਥ ਪਾ ਲਿਆ।
ਪੋਟਿਆਂ ਦੀ ਲੈ ਛੋਹ, ਹੱਥੀਂ ਮਾਰ ਝਰੀਟਾਂ, ਪਰਦੇ ਨੂੰ ਲਾਹ ਲਿਆ।

ਮਨ!
ਚਮ ਵਿੱਚ ਲਿਪਟੇ ਦਰੱਖ਼ਤਾਂ ਦੀਆਂ,ਤੈਹਾਂ 'ਤੇ ਝਾਤ ਮਾਰਦਾ।
ਮਾਰ ਉਡਾਰੀ, ਕਰ ਬੰਦ ਅੱਖਾਂ,ਖਿੱਚੇ, ਕਲਪੇ ਨਕਸ਼ਾ ਪਾਰਦਾ।

ਜੋ ਮੈਂ ਸੋਚਦਾਂ, ਉਹ ਮੈਂ ਦੇਖਦਾ,ਜੋ ਦੇਖਣਾ, ਉਹ ਕਿਵੇਂ ਸੋਚਣਾ।
ਜੋ ਮੈਨੂੰ ਮਿਲ ਗਿਆ ਮੇਰੇ ਲੇਖ ਦਾ,ਜੋ ਲੇਖਣਾ, ਉਹ ਕਿਵੇਂ ਲੋਚਣਾ?

ਸੁਰਤ ਨੇ ਖ਼ਿਆਲ ਨੇ ਚੁੰਘਣੇ,ਹੋਸ਼ ਨੇ ਸ਼ਬਦ ਨੇ ਚਿੱਥਣੇ।
ਸੋਝੀ ਨੇ ਨਕਸ਼ ਨੇ ਸੁੰਘਣੇ, ਸੂਝ ਨੇ ਨਿਸ਼ਾਨ ਨੇ ਮਿੱਥਣੇ।

ਯਕੀਨ ਜੀਅ ਪਏ, ਤੱਥ ਮਰ ਰਹੇ,ਕੁਦਰਤ ਦਾ ਜਾਪ ਕਰ ਰਹੇ।
ਅੰਦਰੂਨੀ ਪ੍ਰਕਾਸ਼ ਤੱਕ ਚੰਦ, ਸੂਰਜ, ਸਜਦਾ ਸਮਰਪਣ ਕਰ ਰਹੇ।

ਕੱਖ਼ ਹਵਾ ਵਿੱਚ ਡੁੱਬ ਗਏ,ਪਹਾੜ ਤਰ ਗਏ।
ਪਾਣੀ ਪੱਥਰ ਤੇ ਤਰ, ਬਰਫ਼ ਬਣ, ਦਰਿਆ ਰੇਤੇ ਨਾਲ ਭਰ ਗਏ।



ਪਤਝੜ ਆਈ, ਮਿੱਟੀ ਤੇ ਪੱਤੇ ਸਜੇ,ਨੰਗ-ਧੜੰਗੇ ਸਰੀਰ ਠਰ ਗਏ।
ਰੂਹ ਨੂੰ ਲੱਗੀ ਪਿਆਸ,ਲਾ ਬੱਦਲੀ ਢੀਕ ਭਰ ਗਏ।

ਸਰਦ ਹਵਾਵੇਂ ਵੇਗ਼ ਬਣ, ਨਿੱਘ ਨੂੰ ਘੋਲ ਦੇਵੀਂ ਤੂੰ।
ਮਹਿਕ ਬਣ ਸ਼ਬਦ ਵਿੱਚ,ਹਰਫ਼ ਨੂੰ ਬੋਲ ਦੇਵੀਂ ਤੂੰ।

ਤੁਰਦੇ-ਤੁਰਦੇ ਦੁਪੱਟਾ ਸੰਵਾਰਨ ਲਈ,ਜੇ ਤੈਨੂੰ ਪਿਆ ਰੁਕਣਾ।
ਤੱਕ ਵਲ਼ ਖਾਂਦਾ ਦਰਿਆ,
ਪਹਾੜਾਂ ਨੂੰ ਪਰਛਾਵਾਂ ਬਣ, ਨਦੀ ਵਿੱਚ ਪਊ ਝੁਕਣਾ।

ਲਹਿਰ ਨੂੰ ਵਿਛੜ ਕੇ ਮਿਲੇ,ਮਿਲ ਕੇ ਭੁੱਲਣ ਦੀ ਛੱਲ ਨਾ ਭਰੀਂ।
ਤੂੰ ਨੀਂਦ 'ਚੋਂ ਉੱਠ, ਉੱਠ ਕੇ, ਸੌਣ ਦੀ ਗੱਲ ਨਾ ਕਰੀਂ।

ਤੇਰੀ ਮਹਿਕ ਨੂੰ ਮਾਨਣ ਲਈ,ਅੱਖਾਂ ਦੀ ਜੋੜੀ ਬੇਲੋੜੀ ਹੈ।
ਤੇਰੇ ਨਕਸ਼ਾਂ ਨੂੰ ਖਿੱਚਣ ਲਈ,ਮੇਰੀ ਰੂਹ ਦੀ ਪਰਵਾਜ਼ ਥੋੜੀ ਹੈ।

# ਦੋ ਰੂਹਾਂ ਦਾ ਵਾਸਾ

ਸ਼ਬਦ ਕਿਰ ਰਹੇ ਮੈਂ ਚੁਗ ਰਿਹਾ,
ਸਵਾਲ ਪਾ ਰਹੇ ਮੈਂ ਬੁੱਝ ਰਿਹਾ।
ਖ਼ਿਆਲ ਪਰੋ੍ ਵਾਕਾਂ ਵਿੱਚ,
ਮਾਰ ਝਰੀਟਾਂ ਜੋ ਸੁੱਝ ਰਿਹਾ।
ਧੁਨੀ ਸਣੀਂਦੀ ਤਾਰ ਵਜੀਂਦੀ,
ਕਾਂਬਾ ਛਿੜਦਾ ਹੈ।
ਤਰਕਾਂ ਤੋਂ ਪਰੇ, ਸਬਦਾਂ ਤੋਂ ਬਿਨ੍ਹਾਂ,
ਇੱਕ ਨਾਮ ਗਿੜਦਾ ਹੈ।
ਹੋਂਦ ਮਿਟਾ ਆਪਣੀ,
ਇੱਕ ਦੀਵਾ ਖਿਲ੍ਹਦਾ ਹੈ।
ਜਿਸਮ ਮਿਟਾ ਆਪਣਾ,
ਇੱਕ ਸੂਰਜ ਮਿਲਦਾ ਹੈ।
ਦੀਵੇ, ਸੂਰਜਾਂ ਤੱਕ ਉੱਠ ਦੌੜ ਉਡਾਨਾਂ ਨੇ,
ਮੇਰੀਆਂ ਹਾਲੀਂ ਦਿੱਸਦਿਆਂ ਤੋਂ' ਪਰੇ
ਅਣਦਿੱਖ ਉਡਾਨਾਂ ਮੈਦਾਨਾਂ ਦੀ ਭਾਲੀਂ।
ਸੁਣਿਆ ਉਸ ਦੇਸ਼ ਦੇ ਅੰਦਰ,
ਸਭ ਵੇਗ਼ 'ਚ ਚੱਲਦਾ ਹੈ।
ਬ੍ਰਹਿਮੰਡੀ ਨਾਦ ਜਿਹਾ,
ਚੁੱਪ-ਚਪੀਤਾ ਹਨ੍ਹੇਰਾ,
ਚਾਨਣ ਵਿੱਚ ਢਲ਼ਦਾ ਹੈ।

ਤੂੰ ਭਾਂਡਾ ਕਰ ਖ਼ਾਲੀ,
ਤੂੰ ਮਾਰ ਬਹਾਰੀ ਵੇ।
ਲਾ ਪੋਚਾ ਹੋਂਦ ਮਿਟਾ,
ਤੂੰ ਕਰ ਤਿਆਰੀ ਵੇ।
ਤੇਰੇ ਨਿੱਘੇ ਬਲਦੇ ਨੂੰ,
ਤੇਰੇ ਡਿੱਗਦੇ ਢੱਲਦੇ ਨੂੰ।
ਤੈਨੂੰ ਸਾਂਤ ਜਿਹਾ ਕਰਨਾ,
ਤੈਨੂੰ ਬਲਦੇ ਜਲਦੇ ਨੂੰ।
ਅਦੁੱਤੀ ਲੋਅ ਨੇ ਬੋਚ ਲਿਆ,
ਲੈ ਬੁੱਕਲ ਜੱਫ਼ੀ ਮਾਰੀ ਵੇ ।
ਦੁਨੀਆਂ ਨਵੀਂ ਬਣ ਗਈ,
ਚਾਹੇ ਜਾਨ ਵੀ ਹਾਰੀ ਵੇ।
ਮੈ ਕਰ ਅੱਖਾਂ ਬੰਦ,
ਉਹ ਨਜ਼ਾਰਾ ਭਾਲਦਾ।
ਮੈਂ ਤਿੰਨ ਮਹੀਨੇ ਘੱਟ,
ਨਹੀਂ ਸੀ ਪੂਰੇ ਸਾਲ ਦਾ।
ਮੈਂ ਦੁਨੀਆਂ ਪਰ੍ਹੇ ਵਿੱਚ ਵੱਸ ਰਿਹਾ,
ਖਾ, ਖੇਲ੍ਹ, ਜਾਗ, ਨੀਂਦ ਵਿੱਚ ਹੱਸ ਰਿਹਾ।
ਇੱਕ ਤਨ, ਦੋ ਰੂਹਾਂ ਦਾ ਵਾਸਾ ਸੀ,
ਮਾਂ, ਮੇਰਾ ਘਰ, ਮੈਂ ਵਿੱਚ ਇੱਕ ਕਾਸਾ ਸੀ।







Aab publications

ISBN: 978-9386039-37-8